
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL - 8 ISSUE - 46
Feburary 26, 2020

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ





ਕੈਲੇਫੋਰਨੀਆ ਵਿਚ ਸ੍ਰੀ ਗੁਰੂ ਰਵਿਦਾਸ ਸਭਾਵਾਂ ਵੱਲੋਂ ਮਨਾਏ ਜਾ ਰਹੇ ਸ੍ਰੀ ਗੁਰੂ ਰਵਿਦਾਸ ਗੁਰਪੁਰਬ ਦਿਹਾੜੇ ਦੀਆਂ ਤਾਰੀਖਾਂ- ਫਰਿਜ਼ਨੋ ਵਿਖੇ 1 ਮਾਰਚ, ਸੈਕਰਾਮੈਂਟੋ ਵਿਖੇ 8 ਮਾਰਚ, ਬੇ-ਏਰੀਆ 15 ਮਾਰਚ ਅਤੇ ਸੈਲਮਾ 22 ਮਾਰਚ 2020

**ਅਦਾਰਾ 'ਦੇਸ਼ ਦੁਆਬਾ' ਵੱਲੋਂ ਲੱਖ-ਲੱਖ ਵਧਾਈਆਂ**

**ਜ਼ਿਆਦਾ ਜਾਣਕਾਰੀ ਲਈ ਸਬੰਧਤ ਸਭਾਵਾਂ ਨਾਲ ਸੰਪਰਕ ਕਰੋ ਜੀ।**





ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ
ਗੁਰੂ ਰਵਿਦਾਸ ਜੀ ਮਹਾਰਾਜ ਦਾ 643ਵੇਂ ਆਗਮਨ ਪੁਰਬ ਮਨਾਇਆ।
(ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 13, 14, 15 'ਤੇ)

# ਰਾਸ਼ਟਰਪਤੀ ਟਰੰਪ ਦਾ ਭਾਰਤ ਵਿਚ ਜ਼ੋਰਦਾਰ ਸਵਾਗਤ

## ਭਾਰਤ-ਅਮਰੀਕਾ 'ਚ ਹੋਇਆ 3 ਅਰਬ ਡਾਲਰ ਦਾ ਰੱਖਿਆ ਸੌਦਾ

**ਨਵੀਂ ਦਿੱਲੀ (ਬਿਊਰੋ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੀ ਭਾਰਤ ਯਾਤਰਾ ਦੇ ਦੂਜੇ ਦਿਨ ਨਵੀਂ ਦਿੱਲੀ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਰਸਮੀ ਮੁਲਾਕਾਤ ਕੀਤੀ। ਹੈਦਰਾਬਾਦ ਹਾਊਸ ਵਿਚ ਹੋਈ ਇਸ ਮੀਟਿੰਗ ਤੋਂ ਬਾਅਦ ਦੋਵੇਂ ਨੇਤਾਵਾਂ ਨੇ ਸਾਂਝਾ ਬਿਆਨ ਜਾਰੀ ਕੀਤਾ। ਦੋਵੇਂ ਦੇਸ਼ਾਂ ਵਿਚ 3 ਅਰਬ ਡਾਲਰ ਦਾ ਰੱਖਿਆ ਸੌਦਾ ਹੋਇਆ ਹੈ। ਪੀਐੱਮ ਮੋਦੀ ਨੇ ਦੱਸਿਆ ਕਿ ਦੋਵੇਂ ਨੇਤਾਵਾਂ ਵਿਚ ਕੀ ਗੱਲਬਾਤ ਹੋਈ ਅਤੇ ਕਿਸ ਤਰ੍ਹਾਂ ਦੋਵੇਂ ਦੇਸ਼ਾਂ ਦੇ ਸਬੰਧ ਸਿਖਰਾਂ 'ਤੇ ਪਹੁੰਚੇ ਹਨ। ਪੀਐੱਮ ਮੋਦੀ ਨੇ ਕਿਹਾ, ਰਾਸ਼ਟਰਪਤੀ ਟਰੰਪ ਅਤੇ ਉਨ੍ਹਾਂ ਦੇ ਡੈਲੀ-ਗੇਸ਼ਨ ਦਾ ਭਾਰਤ ਵਿਚ ਇਕ ਵਾਰ ਫਿਰ ਤੋਂ ਸਵਾਗਤ ਹੈ। ਮੈਨੂੰ ਖਾਸ ਖੁਸ਼ੀ ਹੈ ਕਿ ਇਸ ਯਾਤਰਾ 'ਤੇ ਉਹ ਆਪਣੇ ਪਰਿਵਾਰ ਨਾਲ ਆਏ ਹਨ। ਪਿਛਲੇ ਅੱਠ ਮਹੀਨਿਆਂ ਵਿਚ ਰਾਸ਼ਟਰਪਤੀ ਟਰੰਪ ਅਤੇ ਮੇਰੇ ਵਿਚ ਇਹ ਪੰਜਵੀਂ ਮੁਲਾਕਾਤ ਹੈ।



**ਮੋਦੀ ਦੇ ਬਿਆਨ ਦੀਆਂ ਵੱਡੀਆਂ ਗੱਲਾਂ**

ਪਿਛਲੇ 4 ਸਾਲਾਂ ਵਿਚ ਅਮਰੀਕਾ ਅਤੇ ਭਾਰਤ ਵਿਚਕਾਰ ਕੁਲ ਐਨਰਜੀ ਵਪਾਰ ਲਗਪਗ 20 ਬਿਲੀਅਨ ਡਾਲਰ ਰਿਹਾ ਹੈ।

ਇੰਡਸਟਰੀ 4.0 ਅਤੇ 21ਵੀਂ ਸਦੀ ਦੀਆਂ ਹੋਰ ਉਭਰਦੀਆਂ ਟੈਕਨਾਲੋ-ਜੀਆਂ 'ਤੇ ਵੀ ਇੰਡੀਆ ਯੂਐੱਸ ਸਾਂਝੇਦਾਰੀ, ਇਨੋਵੇਸ਼ਨ, ਅਤੇ ਐਂਟਰਪ੍ਰਾਈਜ਼ ਦੇ ਨਵੇਂ ਦਿਸਹਿੱਦੇ ਸਥਾਪਤ ਕਰ ਰਹੀ ਹੈ। ਭਾਰਤੀ ਪ੍ਰੋਫੈਸ਼ਨਲਸ ਦੇ ਟੈਲੇਂਟ ਨੇ ਅਮਰੀਕੀ ਕੰਪਨੀਆਂ ਦੀ ਟੈਕਨਾਲੋਜੀ ਲੀਡਰਸ਼ਿਪ ਨੂੰ ਮਜਬੂਤ ਕੀਤਾ ਹੈ। ਅੰਤਰਰਾਸ਼ਟਰੀ ਪੱਧਰ 'ਤੇ ਭਾਰਤ ਅਤੇ ਅਮਰੀਕਾ ਦਾ ਸਹਿਯੋਗ ਸਾਨੂੰ ਬਰਾਬਰ ਲੋਕਤੰਤਰਿਕ ਕੀਮਤਾਂ ਅਤੇ ਉਦੇਸ਼ਾਂ 'ਤੇ ਅਧਾਰਤ ਹੈ। ਖਾਸ ਕਰਕੇ ਇੰਡੋ ਪੈਸਫਿਕ ਅਤੇ ਗਲੋਬਲ ਕਾਮਨਸ ਵਿਚ ਰੂਲ ਬੇਸਡ ਇੰਟਰਨੈਸ਼ਨਲ ਆਰਡਰ ਲਈ ਇਹ ਸਹਿਯੋਗ ਖਾਸ ਮਹੱਤਵ ਰੱਖਦਾ ਹੈ।

**ਡੋਨਾਲਡ ਟਰੰਪ ਦੇ ਬਿਆਨ ਦੀਆਂ ਵੱਡੀਆਂ ਗੱਲਾਂ**

ਪੀਐੱਮ ਮੋਦੀ ਅਤੇ ਮੈਂ ਕੱਟੜਪੰਥੀ ਇਸਲਾਮੀ ਅੱਤਵਾਦ ਤੋਂ ਸਾਡੇ ਨਾਗਰਿਕਾਂ ਦੀ ਰੱਖਿਆ ਲਈ ਦੋਵੇਂ ਦੇਸ਼ਾਂ ਦੀ ਪ੍ਰਤੀਬੱਧਤਾ ਦੀ ਗੱਲ ਕਹੀ ਹੈ। ਇਸ ਕੋਸ਼ਿਸ਼ ਵਿਚ ਅਮਰੀਕਾ ਪਾਕਿਸਤਾਨ ਦੇ ਨਾਲ ਕੰਮ ਕਰ ਰਿਹਾ ਹੈ ਤਾਂ ਜੋ ਉਸ ਦੀ ਧਰਤੀ 'ਤੇ ਕੰਮ ਕਰਨ ਵਾਲੇ ਅੱਤਵਾਦੀਆਂ ਦਾ ਸਾਮਹਣਾ ਕੀਤਾ ਜਾ ਸਕੇ।

ਅੱਜ ਸਾਡੇ ਅਪਾਚੇ ਅਤੇ ਐਮਐਚ 60 ਰੋਮਿਓ ਹੈਲੀਕਾਪਟਰ ਸਣੇ ਦੁਨੀਆ ਵਿਚ ਬਿਹਤਰੀਨ ਉਨਤ ਅਮਰੀਕੀ ਸੈਨਾ ਉਪਕਰਣਾਂ ਦੇ 3 ਅਰਬ ਡਾਲਰ ਤੋਂ ਵੱਧ ਦੀ ਖ਼ਰੀਦ ਲਈ ਭਾਰਤ ਦੇ ਨਾਲ ਸਮਝੌਤਾ ਕੀਤਾ ਹੈ। ਇਹ ਸਾਡੀ ਸਾਂਝੀ ਰੱਖਿਆ ਸਮਰੱਥਾ ਨੂੰ ਵਧਾਉਣਗੇ।

ਆਪਣੀ ਯਾਤਰਾ ਦੌਰਾਨ ਅਸੀਂ ਇਕ ਸੁਰੱਖਿਅਤ 5ਜੀ ਵਾਇਰਲੈੱਸ ਨੈਟਵਰਕ ਦੀ ਅਹਿਮੀਅਤ 'ਤੇ ਚਰਚਾ ਕੀਤੀ ਅਤੇ ਇਸ ਉਭਰਦੀ ਹੋਈ ਤਕਨੀਕ ਲਈ ਇਕੱਠੇ ਕੰਮ ਕਰਨ ਦੀ ਲੋੜ ਹੈ।

# ਪੰਜਾਬ ਦਾ ਸੰਨੀ ਹਿੰਦੁਸਤਾਨੀ ਬਣਿਆ ਇੰਡੀਅਨ ਆਈਡਲ

**ਮੁੰਬਈ (ਬਿਊਰੋ)-** ਬਠਿੰਡਾ ਨਾਲ ਸਬੰਧਤ ਸੰਨੀ ਹਿੰਦੁਸਤਾਨੀ ਨੇ ਇੰਡੀਅਨ ਆਈਡਲ ਸੀਜ਼ਨ 11 ਦਾ ਖ਼ਿਤਾਬ ਜਿੱਤ ਲਿਆ ਹੈ। ਸੰਨੀ ਨੂੰ ਇਨਾਮ ਵਿੱਚ ਇੰਡੀਅਨ ਆਈਡਲ ਦੀ ਟਰਾਫ਼ੀ ਦੇ ਨਾਲ 25 ਲੱਖ ਰੁਪਏ ਨਗ਼ਦ, ਇਕ ਕਾਰ ਤੇ ਟੀ-ਸੀਰੀਜ਼ ਨਾਲ ਗੀਤ ਗਾਉਣ ਦਾ ਕਰਾਰ ਮਿਲਿਆ ਹੈ।




ਸੰਨੀ ਜਿਸ ਨੇ ਸ਼ੋਅ ਦੌਰਾਨ ਜ਼ਿਆਦਾਤਰ ਨੁਸਰਤ ਫ਼ਤਿਹ ਅਲੀ ਖ਼ਾਨ ਦੇ ਗੀਤ ਗਾਏ ਸਨ, ਤਿੰਨੇ ਜੱਜਾਂ ਸਮੇਤ ਸਾਰਿਆਂ ਦਾ ਪਸੰਦੀਦਾ ਗਾਇਕ ਸੀ। ਸ਼ੋਅ ਦੌਰਾਨ ਉਸ ਨੂੰ ਸੰਨੀ ਹਿੰਦੁਸਤਾਨੀ ਦਾ ਤਖ਼ੱਲੁਸ ਮਿਲਿਆ ਸੀ। ਫਿਨਾਲੇ ਦੀ ਰਾਤ ਸੰਨੀ ਨੇ 'ਮੇਰੇ ਰਸ਼ਕੇ ਕਮਰ' ਤੇ 'ਹਲਕਾ ਹਲਕਾ ਸੁਰੂਰ' ਗੀਤਾਂ ਦਾ ਮੈਡਲੇ ਪੇਸ਼ ਕੀਤਾ। ਰੋਹਿਤ ਰਾਊਤ ਤੇ ਅੰਕੋਨਾ ਮੁਖਰਜੀ ਕ੍ਰਮਵਾਰ ਪਹਿਲੇ ਤੇ ਦੂਜੇ ਰਨਰਅੱਪ ਰਹੇ। ਦੋਵਾਂ ਨੂੰ ਪੰਜ ਪੰਜ ਲੱਖ ਰੁਪਏ ਦਾ ਨਗਦ ਇਨਾਮ ਦਿੱਤਾ ਗਿਆ। ਅੰਮ੍ਰਿਤਸਰ ਦਾ ਰਿਦਮ ਕਲਿਆਣ ਚੌਥੇ ਤੇ ਅਦਰੀਜ਼ ਗੋਹ ਪੰਜਵੇਂ ਸਥਾਨ 'ਤੇ ਰਿਹਾ। ਸੰਨੀ ਦਾ ਪਰਿਵਾਰ ਕਾਫ਼ੀ ਗਰੀਬ ਸੀ ਤੇ ਉਹ ਬਠਿੰਡਾ ਵਿੱਚ ਬੂਟ ਪਾਲਿਸ਼ ਦਾ ਕੰਮ ਕਰਦਾ ਸੀ। ਇੰਡੀਅਨ ਆਈਡਲ ਦੇ ਆਡੀਸ਼ਨ ਮੌਕੇ ਉਸ ਨੇ 'ਆਫ਼ਰੀਨ ਆਫ਼ਰੀਨ' ਗੀਤ ਪੇਸ਼ ਕੀਤਾ ਸੀ, ਜਿਸ ਦੀ ਜੱਜ ਅਨੂ ਮਲਿਕ ਸਮੇਤ ਹੋਰਨਾਂ ਜੱਜਾਂ ਨੇ ਸੀਟ ਤੋਂ ਖੜ੍ਹੇ ਹੋ ਕੇ ਤਾਰੀਫ਼ ਕੀਤੀ ਸੀ। ਫ਼ਿਨਾਲੇ ਮੌਕੇ ਅਦਾਕਾਰ ਆਯੁਸ਼ਮਾਨ ਖ਼ੁਰਾਨਾ ਵੀ ਮੌਜੂਦ ਸੀ। ਪਰਦੇ 'ਤੇ ਸੰਨੀ ਦੀ ਕਹਾਣੀ ਨੂੰ ਵੇਖ ਕੇ ਉਨ੍ਹਾਂ ਦੀਆਂ ਅੱਖਾਂ 'ਚੋਂ ਹੰਝੂ ਵਹਿ ਤੁਰੇ।


Indian Grill
Indiangrillsanleandro.com
Pal343@ yahoo.com
510-878-2704, 510-332-1074 Mobile
We do Outdoor & Indoor Catering for all your Events
1600 Washington Ave. San Leandro.CA 94577
Open 7 days a week
Lunch Buffet : 11:00 AM - 2:30 PM
Fine Dining: 4.30 PM - 9"30 PM


GINNY WALIA
Law Offices. Inc
Ginny H. K. Walia
Experienced Jury Trial Lawyer
Featured as a legal analyst on Fox News, MSNBC and Kron 4
FAMILY LAW, CRIMINAL DEFENSE AND CIVIL LITIGATION
Tel: (408) 724-9200
Fax: (408) 724-9202
Toll Free: 1 (800) 379-9330
ginny@walialawfirm.com
www.walialawfirm.com

BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga
6930 65TH STREET # 115 SACRAMENTO CA 95823



RAMESH SUMAN
Broker Realtor
RCS-D ™
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY

Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.

* Please call us for Professional & reliable services at reasonable rates.
959 Corporate Way, Fremont, CA. 94539




ਬੇਗਮਪੁਰਾ ਸਹਰ ਕੋ ਨਾਉ॥ ਦੂਖੁ ਅੰਦੋਹੁ ਨਹੀਂ ਤਿਹਿ ਠਾਉ॥

# ਸ੍ਰੀ ਗੁਰੂ ਰਵਿਦਾਸ ਜੀ ਦੇ 643ਵੇਂ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ

ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਕੈਲੇਫੋਰਨੀਆ) ਸਤਿਗੁਰੂ ਰਵਿਦਾਸ ਜੀ ਦਾ ਗੁਰਪੁਰਬ ਦਿਹਾੜਾ 1 ਮਾਰਚ 2020, ਦਿਨ ਐਤਵਾਰ ਨੂੰ ਸਾਧ ਸੰਗਤ ਦੇ ਸਹਿਯੋਗ ਨਾਲ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਉਣ ਜਾ ਰਹੀ ਹੈ। ਸ੍ਰੀ ਅਖੰਡ ਪਾਠ ਸਾਹਿਬ ਜੀ 28 ਫਰਵਰੀ 2020 ਦਿਨ ਸ਼ੁੱਕਰਵਾਰ ਨੂੰ ਪ੍ਰਾਰੰਭ ਹੋਣਗੇ ਅਤੇ 29 ਮਾਰਚ ਦਿਨ ਸ਼ਨਿਚਰਵਾਰ ਨੂੰ ਸ਼ਾਮੀ 5 ਵਜੇ ਨਿਸ਼ਾਨ ਸਾਹਿਬ ਦੀ ਸੇਵਾ ਹੋਵੇਗੀ। 1 ਮਾਰਚ 2020 ਨੂੰ ਸਵੇਰੇ 10 ਵਜੇ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ, ਉਪਰੰਤ ਦੁਪਹਿਰ ਬਾਅਦ ਤੱਕ ਦੀਵਾਨ ਸਜਣਗੇ, ਜਿਸ ਵਿਚ ਰਾਗੀ ਜਥੇ ਸ਼ਬਦ ਗਾਇਨ ਕਰਨਗੇ ਅਤੇ ਬੁਲਾਰੇ ਗੁਰੂ ਜੀ ਪ੍ਰਤੀ ਆਪੋ-ਆਪਣੇ ਵਿਚਾਰ ਰੱਖਣਗੇ। ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਤਿੰਨੇ ਦਿਨ ਗੁਰੂ ਘਰ ਹਾਜ਼ਰੀਆਂ ਲਗਵਾ ਕੇ ਸਤਿਗੁਰੂ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਕਮਿਊਨਿਟੀ ਦੇ ਨਿਸ਼ਕਾਮ ਸੇਵਕ, ਪੰਜਾਬੀ ਬੋਲੀ ਅਤੇ ਪੰਜਾਬੀ ਸਭਿਆਚਾਰ ਦਾ ਸੱਚਾ ਸੇਵਾਦਾਰ ਮੋਮੀ ਪਰਿਵਾਰ

DAYS INN | Holiday Inn EXPRESS HOTEL & SUITES | momi

**Holidayinn Express, DAYS INN and MOMI HOSPITALITY INVESTMENT**

**ਕੈਲੀਫੋਰਨੀਆ ਦੇ ਮਾਲਕ**



ਖੱਬੇ ਤੋਂ ਸੱਜੇ:- ਸੁਰਜੀਤ ਮੋਮੀ, ਲਾਲੀ ਮੋਮੀ, ਹਰਮਿੰਦਰ ਮੋਮੀ, ਰਾਜਿੰਦਰ ਮੋਮੀ (ਚੇਅਰਮੈਨ, ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ) ਅਤੇ ਪ੍ਰੇਮ ਸੋਢੀ ਮੋਮੀ

# MOMI BROTHERS

## ਅਤੇ ਸਮੂਹ ਮੋਮੀ ਪਰਿਵਾਰ

ਐਸੀ ਲਾਲ ਤੁਝ ਬਿਨ ਕਾਉਨ ਕਰੈ॥ ਗਰੀਬ ਨਿਵਾਜ ਗੁਸਈਆਂ ਮੇਰਾ ਮਾਥੈ ਛਤ੍ਰ ਧਰੈ॥ ਰਹਾਉ॥

## ਸ੍ਰੀ ਗੁਰੂ ਰਵਿਦਾਸ ਜੀ ਦੇ 643ਵੇਂ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ

ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਕੈਲੇਫੋਰਨੀਆ) ਸਤਿਗੁਰੂ ਰਵਿਦਾਸ ਜੀ ਦਾ ਗੁਰਪੁਰਬ ਦਿਹਾੜਾ 1 ਮਾਰਚ 2020, ਦਿਨ ਐਤਵਾਰ ਨੂੰ ਸਾਧ ਸੰਗਤ ਦੇ ਸਹਿਯੋਗ ਨਾਲ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਉਣ ਜਾ ਰਹੀ ਹੈ। ਸ੍ਰੀ ਅਖੰਡ ਪਾਠ ਸਾਹਿਬ ਜੀ 28 ਫਰਵਰੀ 2020 ਦਿਨ ਸ਼ੁੱਕਰਵਾਰ ਨੂੰ ਪ੍ਰਾਰੰਭ ਹੋਣਗੇ ਅਤੇ 29 ਮਾਰਚ ਦਿਨ ਸ਼ਨਿਚਰਵਾਰ ਨੂੰ ਸ਼ਾਮੀ 5 ਵਜੇ ਨਿਸ਼ਾਨ ਸਾਹਿਬ ਦੀ ਸੇਵਾ ਹੋਵੇਗੀ। 1 ਮਾਰਚ ਨੂੰ ਸਵੇਰੇ 10 ਵਜੇ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ, ਉਪਰੰਤ ਦੁਪਹਿਰ ਬਾਅਦ ਤੱਕ ਦੀਵਾਨ ਸਜਣਗੇ, ਜਿਸ ਵਿਚ ਰਾਗੀ ਜਥੇ ਸ਼ਬਦ ਗਾਇਨ ਕਰਨਗੇ ਅਤੇ ਬੁਲਾਰੇ ਗੁਰੂ ਜੀ ਪ੍ਰਤੀ ਆਪੋ-ਆਪਣੇ ਵਿਚਾਰ ਰੱਖਣਗੇ। ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਤਿੰਨੇ ਦਿਨ ਗੁਰੂ ਘਰ ਹਾਜ਼ਰੀਆਂ ਲਗਵਾ ਕੇ ਸਤਿਗੁਰੂ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।







**ਦੇਸ ਰਾਜ ਬੰਗੜ**
ਸਟੇਜ ਸਕੱਤਰ

**ਬੰਸੀ ਲਾਲ ਬੰਗੜ**
ਸਾਬਕਾ ਪ੍ਰਧਾਨ

**ਸ੍ਰੀ ਗੁਰੂ ਰਵਿਦਾਸ ਸਭਾ, ਫਰਿਜ਼ਨੋ**
**ਅਤੇ ਸਮੂਹ ਪਰਿਵਾਰ**







## ਸ੍ਰੀ ਗੁਰੂ ਰਵਿਦਾਸ ਜੀ ਦੇ 643ਵੇਂ ਪ੍ਰਕਾਸ਼ ਉਤਸਵ ਦੀਆਂ ਗੁਰੂ ਪਿਆਰੀ ਸਮੂਹ ਸੰਗਤ ਨੂੰ ਲੱਖ-ਲੱਖ ਵਧਾਈਆਂ





**ਸਮੂਹ ਸੁੰਮਕ ਪਰਿਵਾਰ**
SUNSHINE AUTO CARE INC., MANTECA (CA)



ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ ॥
ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨੁ ਦੇਖੇ ॥

**ਸ੍ਰੀ ਗੁਰੂ ਰਵਿਦਾਸ ਜੀ ਦੇ 643ਵੇਂ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ**

ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਕੈਲੇਫੋਰਨੀਆ) ਸਤਿਗੁਰੂ ਰਵਿਦਾਸ ਜੀ ਦਾ ਗੁਰਪੁਰਬ ਦਿਹਾੜਾ 1 ਮਾਰਚ 2020, ਦਿਨ ਐਤਵਾਰ ਨੂੰ ਸਾਧ ਸੰਗਤ ਦੇ ਸਹਿਯੋਗ ਨਾਲ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਉਣ ਜਾ ਰਹੀ ਹੈ। ਸ੍ਰੀ ਅਖੰਡ ਪਾਠ ਸਾਹਿਬ ਜੀ 28 ਫਰਵਰੀ 2020 ਦਿਨ ਸ਼ੁੱਕਰਵਾਰ ਨੂੰ ਪ੍ਰਾਰੰਭ ਹੋਣਗੇ ਅਤੇ 29 ਮਾਰਚ ਦਿਨ ਸ਼ਨਿਚਰਵਾਰ ਨੂੰ ਸ਼ਾਮੀ 5 ਵਜੇ ਨਿਸ਼ਾਨ ਸਾਹਿਬ ਦੀ ਸੇਵਾ ਹੋਵੇਗੀ। 1 ਮਾਰਚ ਨੂੰ ਸਵੇਰੇ 10 ਵਜੇ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ, ਉਪਰੰਤ ਦੁਪਹਿਰ ਬਾਅਦ ਤੱਕ ਦੀਵਾਨ ਸਜਣਗੇ, ਜਿਸ ਵਿਚ ਰਾਗੀ ਜਥੇ ਸ਼ਬਦ ਗਾਇਨ ਕਰਨਗੇ ਅਤੇ ਬੁਲਾਰੇ ਗੁਰੂ ਜੀ ਪ੍ਰਤੀ ਆਪੋ-ਆਪਣੇ ਵਿਚਾਰ ਰੱਖਣਗੇ। ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਤਿੰਨੇ ਦਿਨ ਗੁਰੂ ਘਰ ਹਾਜ਼ਰੀਆਂ ਲਗਵਾ ਕੇ ਸਤਿਗੁਰੂ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



# ਕਰਮ ਸਿੰਘ ਬੰਗੜ

## ਪ੍ਰਧਾਨ, ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ

## ਸਮੂਹ ਬੰਗੜ ਪਰਿਵਾਰ



ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ ॥
ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨੁ ਦੇਖੇ ॥

**ਸ੍ਰੀ ਗੁਰੂ ਰਵਿਦਾਸ ਜੀ ਦੇ 643ਵੇਂ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ**

ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਕੈਲੇਫੋਰਨੀਆ) ਸਤਿਗੁਰੂ ਰਵਿਦਾਸ ਜੀ ਦਾ ਗੁਰਪੁਰਬ ਦਿਹਾੜਾ 1 ਮਾਰਚ 2020, ਦਿਨ ਐਤਵਾਰ ਨੂੰ ਸਾਧ ਸੰਗਤ ਦੇ ਸਹਿਯੋਗ ਨਾਲ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਉਣ ਜਾ ਰਹੀ ਹੈ। ਸ੍ਰੀ ਅਖੰਡ ਪਾਠ ਸਾਹਿਬ ਜੀ 28 ਫਰਵਰੀ 2020 ਦਿਨ ਸ਼ੁੱਕਰਵਾਰ ਨੂੰ ਪ੍ਰਾਰੰਭ ਹੋਣਗੇ ਅਤੇ 29 ਮਾਰਚ ਦਿਨ ਸ਼ਨਿਚਰਵਾਰ ਨੂੰ ਸ਼ਾਮੀ 5 ਵਜੇ ਨਿਸ਼ਾਨ ਸਾਹਿਬ ਦੀ ਸੇਵਾ ਹੋਵੇਗੀ। 1 ਮਾਰਚ ਨੂੰ ਸਵੇਰੇ 10 ਵਜੇ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ, ਉਪਰੰਤ ਦੁਪਹਿਰ ਬਾਅਦ ਤੱਕ ਦੀਵਾਨ ਸਜਣਗੇ, ਜਿਸ ਵਿਚ ਰਾਗੀ ਜਥੇ ਸ਼ਬਦ ਗਾਇਨ ਕਰਨਗੇ ਅਤੇ ਬੁਲਾਰੇ ਗੁਰੂ ਜੀ ਪ੍ਰਤੀ ਆਪੋ-ਆਪਣੇ ਵਿਚਾਰ ਰੱਖਣਗੇ। ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਤਿੰਨੇ ਦਿਨ ਗੁਰੂ ਘਰ ਹਾਜ਼ਰੀਆਂ ਲਗਵਾ ਕੇ ਸਤਿਗੁਰੂ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



# ਕੁਲਦੀਪ ਸਿੰਘ ਬੰਗੜ

## ਖਜਾਨਚੀ, ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ

## ਸਮੂਹ ਬੰਗੜ ਪਰਿਵਾਰ

# ਦਿੱਲੀ 'ਚ ਹਾਲਾਤ ਗੰਭੀਰ, ਦੰਗਾ ਕਰਨ ਵਾਲਿਆਂ ਨੂੰ ਦੇਖਦਿਆਂ ਹੀ ਗੋਲੀ ਮਾਰਨ ਦੇ ਹੁਕਮ

**ਨਵੀਂ ਦਿੱਲੀ–** ਉੱਤਰ ਪੂਰਬੀ ਦਿੱਲੀ 'ਚ ਸੋਮਵਾਰ ਤੋਂ ਜਾਰੀ ਹਿੰਸਾ ਦਾ ਦੌਰ ਮੰਗਲਵਾਰ ਨੂੰ ਵੀ ਨਹੀਂ ਰੁਕਿਆ। ਸਵੇਰ ਤੋਂ ਜਾਰੀ ਹਿੰਸਾ ਮੰਗਲਵਾਰ ਸ਼ਾਮ ਨੂੰ ਵੱਧ ਗਈ। ਅਜਿਹੇ 'ਚ ਦਿੱਲੀ ਪੁਲਿਸ ਨੇ ਵੱਡਾ ਕਦਮ ਚੁੱਕਦਿਆਂ ਉੱਤਰ ਪੂਰਬੀ ਜ਼ਿਲ੍ਹੇ 'ਚ ਚਾਰ ਥਾਣਾ ਖੇਤਰਾਂ ਮੌਜਪੁਰ, ਜਾਫਰਾਬਾਦ, ਕਰਾਵਲ ਨਗਰ ਤੇ ਬਾਬਰਪੁਰ 'ਚ ਕਰਫਿਊ ਲਗਾ ਦਿੱਤਾ ਹੈ। ਉਥੇ ਹੀ ਦਿੱਲੀ ਪੁਲਿਸ ਨੇ ਹਿੰਸਾ 'ਤੇ ਕਾਬੂ ਪਾਉਣ ਲਈ ਕਮਰ ਕੱਸ ਲਈ ਹੈ। ਇਸੇ ਦੌਰਾਨ ਗ੍ਰਹਿ ਮੰਤਰਾਲੇ ਨੇ ਹਿੰਸਾ ਕਰਨ ਵਾਲਿਆਂ ਨੂੰ ਗੋਲੀ ਮਾਰਨ ਦੇ ਹੁਕਮ ਦਿੱਤੇ ਹਨ। ਮਿਲੀ ਜਾਣਕਾਰੀ ਅਨੁਸਾਰ ਗ੍ਰਹਿ ਮੰਤਰਾਲੇ ਨੇ ਦਿੱਲੀ ਪੁਲਿਸ ਕਮਿਸ਼ਨਰ ਨੂੰ ਇਹ ਹੁਕਮ ਦੇਰ ਸ਼ਾਮ ਦਿੱਤਾ ਹੈ। ਗ੍ਰਹਿ ਮੰਤਰਾਲੇ ਨੇ ਐੱਸਐੱਨ ਸ਼੍ਰੀਵਾਸਤਵ ਨੂੰ ਸੀਨੀਅਰ ਕਿਮਸ਼ਨਰ ਕਾਨੂੰਨ ਤੇ ਪ੍ਰਬੰਧ ਦੇ ਹਾਲਾਤ 'ਤੇ ਕਾਬੂ ਪਾਉਣ ਦਾ ਜ਼ਿੰਮਾ ਸੌਂਪਿਆ ਹੈ। ਇਹ ਦੋਵੇਂ ਵਿਸ਼ੇਸ਼ ਕਮਿਸ਼ਨ ਕਾਨੂੰਨ ਤੇ ਪ੍ਰਬੰਧਾਂ 'ਤੇ ਰਹਿਣਗੇ। ਐੱਸਐੱਨ ਸ਼੍ਰੀਵਾਸਤਵ ਹਾਸੇ ਸੀਆਰਪੀਐੱਫ 'ਚ ਏਡੀਜੀ ਸਨ। ਇਨ੍ਹਾਂ ਨੂੰ ਹੁਕਮ ਜਾਰੀ ਹੁੰਦਿਆਂ ਹੀ ਤੁਰੰਚ ਸੀਆਰਪੀਐੱਫ ਤੋਂ ਰਿਲੀਵ ਵੀ ਕਰ ਦਿੱਤਾ ਗਿਆ ਹੈ। ਜੀਟੀਬੀ ਹਸਪਤਾਲ ਨੇ ਦੱਸਿਆ ਕਿ ਹਿੰਸਾ 'ਚ ਮਰਨ ਵਾਲਿਆਂ ਦੀ ਗਿਣਤੀ ਹੁਣ ਵੱਧ ਕੇ 9 ਪਹੁੰਚ ਗਈ ਹੈ। ਹਸਪਤਾਲ ਵਿਚ ਹੁਣ ਤਕ 130 ਜ਼ਖ਼ਮੀ ਪਹੁੰਚੇ ਹਨ।

ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਆਪਣੇ ਮੰਤਰੀ ਮੰਡਲ ਦੇ ਸਹਿਯੋਗੀਆਂ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਤੋਂ ਇਲਾਵਾ ਆਮ ਆਦਮੀ ਪਾਰਟੀ ਦੇ ਕਈ ਨੇਤਾਵਾਂ ਨਾਲ ਰਾਜਘਾਟ 'ਤੇ ਧਰਨੇ 'ਤੇ ਬੈਠੇ ਹਨ।



ਦਿੱਲੀ ਵਿਚ ਹਿੰਸਕ ਪ੍ਰਦਰਸ਼ਨ 'ਤੇ ਕਾਂਗਰਸ ਨੇਤਾ ਉਦਿਤ ਰਾਜ ਨੇ ਕਿਹਾ ਕਿ ਇਸ ਤੋਂ ਜ਼ਿਆਦਾ ਸ਼ਰਮ ਦੀ ਗੱਲ ਕੁਝ ਹੋਰ ਨਹੀਂ ਹੋ ਸਕਦੀ ਜੋ ਸੀ ਉਹ ਵੀ ਲੁੱਟਿਆ ਗਿਆ। ਇਹ ਮੰਨਿਆ ਜਾਂਦਾ ਹੈ ਕਿ ਦਿੱਲੀ ਸੁਰੱਖਿਅਤ ਹੈ ਪਰ ਸੋਮਵਾਰ ਨੂੰ ਇਨ੍ਹਾਂ ਨੇ ਰਾਜਧਾਨੀ ਅੱਗ ਦੇ ਹਵਾਲੇ ਕਰ ਦਿੱਤੀ। ਨਾਗਰਿਕਤਾ ਸੋਧ ਕਾਨੂੰਨ ਦੇ ਵਿਰੋਧ ਅਤੇ ਸਮਰਥਨ ਨੂੰ ਲੈ ਕੇ ਇਕਾ ਦੁਕਾ ਥਾਵਾਂ 'ਤੇ ਹਿੰਸਾ ਮੰਗਲਵਾਰ ਨੂੰ ਵੀ ਜਾਰੀ ਹੈ। ਹੁਣ ਤਕ ਕੁਲ 8 ਲੋਕਾਂ ਦੀ ਮੌਤ ਦੀ ਖ਼ਬਰ ਹੈ ਅਤੇ ਕਈ ਲੋਕ ਜ਼ਖ਼ਮੀ ਹੋਏ ਹਨ ਜਿਨ੍ਹਾਂ ਨੂੰ ਹਸਪਤਾਲਾਂ ਵਿਚ ਭਰਤੀ ਕਰਾਇਆ ਗਿਆ ਹੈ।

ਦਿੱਲੀ ਪੁਲਿਸ ਦੇ ਅਧਿਕਾਰੀਆਂ ਨੇ ਦਿੱਲੀ ਦੇ ਗੋਵਿੰਦਪੁਰੀ ਥਾਣਾ ਇਲਾਕੇ ਦੇ ਤੁਗਲਕਾਬਾਦ ਵਿਚ ਫਲੈਗ ਮਾਰਚ ਕੀਤਾ। ਇਸ ਦੌਰਾਨ ਜੁਆਇੰਟ ਸੀਪੀ ਵੀ ਮੌਜੂਦ ਰਹੇ। ਲੋਕਾਂ ਨੂੰ ਸ਼ਾਂਤੀ ਰੱਖਣ ਦੀ ਅਪੀਲ ਵੀ ਕੀਤੀ ਜਾ ਰਹੀ ਹੈ। ਉਥੇ ਬ੍ਰਹਮਪੁਰੀ ਰੋਡ 'ਤੇ ਵੀ ਫਲੈਗ ਮਾਰਚ ਜਾਰੀ ਹੈ, ਇਥੇ ਰਾਤ ਨੂੰ ਖ਼ੂਬ ਗੋਲ਼ੀਬਾਰੀ ਹੋਈ ਸੀ। ਫਿਲਹਾਲ ਇਥੇ ਸ਼ਾਂਤੀ ਹੈ।

ਇਸ ਦੌਰਾਨ ਹੇਟ ਸਪੀਚ 'ਤੇ ਪੂਰਬੀ ਦਿੱਲੀ ਦੀ ਲੋਕਸਭਾ ਸੀਟ ਤੋਂ ਭਾਜਪਾ ਸੰਸਦ ਮੈਂਬਰ ਗੌਤਮ ਗੰਭੀਰ ਨੇ ਨਾਰਾਜ਼ਗੀ ਪ੍ਰਗਟਾਈ ਹੈ। ਉਨ੍ਹਾਂ ਨੇ ਸਾਬਕਾ ਵਿਧਾਇਕ ਕਪਿਲ ਮਿਸ਼ਰਾ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਹੇਟ ਸਪੀਚ ਦੇਣ ਵਾਲਿਆਂ 'ਤੇ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ, ਚਾਹੇ ਉਹ ਕਿਸੇ ਵੀ ਪਾਰਟੀ ਦਾ ਕਿਉਂ ਨਾ ਹੋਵੇ। ਉਨ੍ਹਾਂ ਇਹ ਵੀ ਕਿਹਾ ਕਿ ਚਾਹੇ ਉਹ ਕਪਿਲ ਮਿਸ਼ਰਾ ਹੋਵੇ ਜਾਂ ਫਿਰ ਕੋਈ ਹੋਰ। ਉਥੇ ਮੰਗਲਵਾਰ ਦੁਪਹਿਰ ਨੂੰ ਮੌਜਪੁਰ ਮੈਟਰੋ ਸਟੇਸ਼ਨ ਕੋਲੋਂ ਕਬੀਰ ਨਗਰ ਇਲਾਕੇ ਵਿਚ ਪਥਰਾਅ ਦੀ ਖ਼ਬਰ ਹੈ।

ਦਿੱਲੀ ਵਿਚ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਪ੍ਰਧਾਨਗੀ ਹੇਠ ਹਾਈ ਲੇਵਲ ਮੀਟਿੰਗ ਸ਼ੁਰੂ ਹੋ ਗਈ ਹੈ। ਇਸ ਮੀਟਿੰਗ ਵਿਚ ਦਿੱਲੀ ਐਲਜੀ ਅਨਿਲ ਬੈਜਲ, ਮੁੱਖ ਮੰਤਰੀ ਅਰਵਿੰਦ ਕੇਜਰੀਵਾਲ, ਦਿੱਲੀ ਪੁਲਿਸ ਕਮਿਸ਼ਨਰ ਅਮੂਲਯ ਪਟਨਾਇਕ, ਕਾਂਗਰਸ ਨੇਤਾ ਸੁਭਾਸ਼ ਚੋਪੜਾ ਸਣੇ ਹੋਰ ਰਾਜਨੀਤਿਕ ਪਾਰਟੀਆਂ ਦੇ ਆਗੂ ਮੌਜੂਦ ਹਨ।

## ਡੋਨਾਲਡ ਟਰੰਪ ਦੀ ਬੇਟੀ ਇਵਾਂਕਾ ਨੇ ਸਿਲਕ ਸ਼ੇਰਵਾਨੀ 'ਚ ਲਿਆ ਦੇਸੀ ਅਵਤਾਰ

**ਨਵੀਂ ਦਿੱਲੀ–** ਅਮਰੀਕਾ ਦੀ ਪ੍ਰਥਮ ਮਹਿਲਾ ਮੇਲਾਨੀਆ ਟਰੰਪ ਦੀ ਤਰ੍ਹਾਂ ਹੁਣ ਡੋਨਾਲਡ ਟਰੰਪ ਦੀ ਬੇਟੀ ਇਵਾਂਕਾ ਟਰੰਪ ਨੇ ਦੇਸੀ ਅਵਤਾਰ ਲਿਆ ਹੈ। ਇਵਾਂਕਾ ਨੇ ਆਪਣੇ ਭਾਰਤ ਦੌਰੇ ਦੇ ਦੂਜੇ ਦਿਨ ਮੰਗਲਵਾਰ ਨੂੰ ਭਾਰਤੀ ਫੈਸ਼ਨ ਡਿਜ਼ਾਈਨਰ ਅਨੀਤਾ ਡੋਗਰੇ ਦੀ ਡਿਜ਼ਾਈਨ ਦੀ ਸਿਲਕ ਦੀ ਸ਼ੇਰਵਾਨੀ ਪਹਿਣੀ।

ਰਾਸ਼ਟਰਪਤੀ ਭਵਨ 'ਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਸਵਾਗਤ ਵਿਚ ਹੋਏ ਸਮਾਰੋਹ ਵਿਚ ਇਵਾਂਕਾ ਨੇ ਮੁਰਸ਼ਿਦਾਬਾਦ ਦੇ ਹੱਥ ਦੇ ਕੰਮ





ਵਾਲੇ ਸਿਲਕ ਦੀ ਸਫੇਦ ਸ਼ੇਰਵਾਨੀ ਪਹਿਣੀ। ਫੈਸ਼ਨ ਡਿਜ਼ਾਈਨਰ ਅਨੀਤਾ ਡੋਗਰੇ ਨੇ ਦੱਸਿਆ ਕਿ ਉਨ੍ਹਾਂ ਦੀ ਤਿਆਰ ਕੀਤੀ ਇਹ ਸ਼ੇਰਵਾਨੀ ਕਲਾਸਿਕ ਤੇ ਹਮੇਸ਼ਾ ਚਲਨ ਵਿਚ ਰਹਿਣ ਵਾਲੀ ਹੈ।

ਉਨ੍ਹਾਂ ਨੇ ਕਿਹਾ ਕਿ ਇਹ ਸਟਾਈਲ ਉਨ੍ਹਾਂ ਨੇ ਵੀਹ ਸਾਲ ਪਹਿਲੇ ਸ਼ੁਰੂ ਕੀਤਾ ਸੀ ਤੇ ਇਹ ਅੱਜ ਵੀ ਓਨੀ ਹੀ ਖ਼ੂਬਸੂਰਤ ਲੱਗਦੀ ਹੈ। ਡੋਗਰੇ ਨੇ ਕਿਹਾ ਕਿ ਸਿਲਕ ਦੀ ਸ਼ੇਰਵਾਨੀ ਵਿਚ ਅੱਜ ਵੀ ਉਹੀ ਕਰਿਸ਼ਮਾ ਹੈ, ਫਿਰ ਭਾਵੇਂ ਉਹ ਕਿਸੇ ਵੀ ਰੰਗ ਦੀ ਹੋਵੇ। ਵਿਅਕਤੀਗਤ ਰੂਪ ਨਾਲ ਮੇਰੀ ਪਸੰਦ ਸਦਾਬਹਾਰ ਨੀਲਾ, ਸਫੇਦ ਤੇ ਕਾਲਾ ਰੰਗ ਹੈ।

ਮੇਲਾਨੀਆ ਨੇ ਬੀਤੇ ਸੋਮਵਾਰ ਨੂੰ ਭਾਰਤੀ ਟੈਕਸਟਾਈਲ ਦੀ ਵਿਰਾਸਤ ਨੂੰ ਬਨਾਰਸੀ ਹਰੀ ਬੈਲਟ ਨਾਲ ਸਲਾਮੀ ਦਿੱਤੀ ਸੀ। ਉਨ੍ਹਾਂ ਦਾ ਸਫੇਦ ਰੰਗ ਦਾ ਕ੍ਰੇਪ ਦਾ ਬਣਿਆ ਜੰਪ ਸੂਟ ਪਹਿਨਿਆ ਸੀ। ਹਾਲਾਂਕਿ ਮੰਗਲਵਾਰ ਨੂੰ ਮੇਲਾਨੀਆ ਨੇ ਡਿਜ਼ਾਈਨਰ ਹਰੇਰਾ ਦੀ ਕਾਟਨ-ਸਿਲਕ ਮਿਕਸਡ ਡ੍ਰੈੱਸ ਪਹਿਣੀ। ਡ੍ਰੈੱਸ 'ਤੇ ਬੋ ਲੱਗਾ ਹੋਣ ਦੇ ਨਾਲ ਬੂਟੀਆਂ ਕੱਢੀਆਂ ਹੋਈਆਂ ਸਨ। ਸਫੇਦ ਰੰਗ ਦੀ ਡ੍ਰੈੱਸ 'ਤੇ ਲਾਲ ਰੰਗ ਦੀ ਬੈਲਟ ਪਹਿਣੀ ਸੀ।

ਸਫੇਦ ਬੂਟ ਪਹਿਣੇ ਸਨ। ਹਰੇਰਾ ਅਮਰੀਕਾ ਦੀਆਂ ਸਾਰੀਆਂ ਪ੍ਰਥਮ ਮਹਿਲਾਵਾਂ ਦੀ ਪਸੰਦ ਰਹੀ ਹੈ। ਉਨ੍ਹਾਂ ਨੇ ਜੈਕਲੀਨ ਕੈਨੇਡੀ ਤੋਂ ਲੈ ਕੇ ਲਾਰਾ ਬੁਸ਼ ਤੇ ਮਿਸ਼ੇਲ ਓਬਾਮਾ ਦੀ ਡ੍ਰੈੱਸ ਵੀ ਬਣਾਈ ਸੀ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਗਹਿਰੇ ਨੀਲੇ ਸੂਟ 'ਤੇ ਲਾਲ ਰੰਗ ਦੀ ਟਾਈ ਲਗਾਈ ਹੋਈ ਸੀ।



ਬਸਪਾ ਪ੍ਰਧਾਨ ਦਾ ਡੀਜੀਪੀ ਅਤੇ ਸਰਕਾਰ ਉਪਰ ਜੋਰਦਾਰ ਹਮਲਾ, ਕਰਤਾਰਪੁਰ ਦੀ ਧਰਤੀ ਕੌਡਾ ਰਾਖਸ਼ ਤੇ ਸੱਜਣ ਠੱਗ ਵਰਗਿਆ ਨੂੰ ਚੰਗਾ ਇਨਸਾਨ ਬਣਾਉਂਦੀ ਹੈ, ਨਾਕਿ ਅੱਤਵਾਦੀ। ਪੰਜਾਬ ਕਾਂਗਰਸ ਸਰਕਾਰ ਤੇ ਡੀਜੀਪੀ ਜਿੱਥੇ ਦਲਿਤ ਵਿਰੋਧੀ ਹੈ ਉਥੇ ਮਾਨਵਤਾ ਵਿਰੋਧੀ ਹੈ, ਬਸਪਾ ਨੂੰ ਸ਼ੱਕ ਕਿ ਡੀਜੀਪੀ ਨੇ ਪੈਂਟ ਥੱਲੇ ਆਰਐਸਐਸ ਦੀ ਖਾਕੀ ਨਿਕਰ ਪਾਈ ਹੈ-ਜਸਵੀਰ ਸਿੰਘ ਗੜੀ



ਦੁਭਾਲੀ ਦੇ ਸਹੀਦਾਂ ਨੂੰ ਸ਼ਰਧਾਂਜਲੀ, ਖਰੜ ਵਿਖੇ ਬਸਪਾ ਪੰਜਾਬ ਦਾ ਠਾਠਾਂ ਮਾਰਦਾ ਇਕੱਠ, ਬਸਪਾ ਦੇ ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਨੇ ਵਰਕਰਾਂ ਤੇ ਲੀਡਰਸ਼ਿਪ ਨੂੰ ਜਾਰੀ ਕੀਤੀ ਅਪੀਲ ਅਤੇ ਸਰਕਾਰ ਨੂੰ ਚੇਤਾਵਨੀ।

## ਪੰਜ ਏਕੜ ਜ਼ਮੀਨ ਉੱਤੇ ਮਸਜਿਦ ਤੇ ਹਸਪਤਾਲ ਬਣਾਏਗਾ ਸੁੰਨੀ ਵਕਫ਼ ਬੋਰਡ

**ਲਖਨਊ–** ਅਯੁੱਧਿਆ ਬਾਰੇ ਸੁਪਰੀਮ ਕੋਰਟ ਦੇ ਫ਼ੈਸਲੇ ਤੋਂ ਬਾਅਦ ਉੱਤਰ ਪ੍ਰਦੇਸ਼ ਸੁੰਨੀ ਕੇਂਦਰੀ ਵਕਫ਼ ਬੋਰਡ ਨੂੰ ਅਲਾਟ ਕੀਤੀ ਗਈ ਪੰਜ ਏਕੜ ਜ਼ਮੀਨ 'ਤੇ ਮਸਜਿਦ, ਇੰਡੋ-ਇਸਲਾਮਿਕ ਖੋਜ ਕੇਂਦਰ, ਹਸਪਤਾਲ ਅਤੇ ਇੱਕ ਲਾਇਬ੍ਰੇਰੀ ਬਣਾਈ ਜਾਵੇਗੀ। ਇਹ ਜ਼ਮੀਨ ਪ੍ਰਵਾਨ ਕਰਨ ਦਾ ਫ਼ੈਸਲਾ ਅੱਜ ਇੱਥੇ ਸੁੰਨੀ ਵਕਫ਼ ਬੋਰਡ ਦੀ ਮੀਟਿੰਗ ਵਿੱਚ ਲਿਆ ਗਿਆ। ਬੋਰਡ ਦੇ ਚੇਅਰਮੈਨ ਜ਼ਫਰ ਫਾਰੂਕੀ ਨੇ ਪੱਤਰਕਾਰਾਂ ਨੂੰ ਦੱਸਿਆ, ''ਬੋਰਡ ਦੀ ਮੀਟਿੰਗ ਵਿੱਚ ਉੱਤਰ ਪ੍ਰਦੇਸ਼ ਸਰਕਾਰ ਵਲੋਂ ਅਲਾਟ ਕੀਤੀ ਪੰਜ ਏਕੜ ਜ਼ਮੀਨ ਕਬੂਲ ਕਰਨ ਦਾ ਫ਼ੈਸਲਾ ਲਿਆ ਗਿਆ ਹੈ।''

ਉਨ੍ਹਾਂ ਕਿਹਾ ਕਿ ਬੋਰਡ ਵਲੋਂ ਜਲਦੀ ਹੀ ਟਰੱਸਟ ਬਣਾ ਕੇ ਮਸਜਿਦ ਦੀ ਉਸਾਰੀ ਸ਼ੁਰੂ ਕਰਵਾਈ ਜਾਵੇਗੀ। ਉਨ੍ਹਾਂ ਕਿਹਾ, ''ਇਹ ਪੰਜ ਏਕੜ ਜ਼ਮੀਨ ਮਸਜਿਦ ਤੋਂ ਇਲਾਵਾ, ਇੰਡੋ-ਇਸਲਾਮਿਕ ਖੋਜ ਕੇਂਦਰ, ਜਨਤਕ ਲਾਇਬ੍ਰੇਰੀ, ਚੈਰੀਟੇਬਲ ਹਸਪਤਾਲ ਅਤੇ ਹੋਰ ਸਹੂਲਤਾਂ ਲਈ ਵਰਤੀ ਜਾਵੇਗੀ।''

ਉਨ੍ਹਾਂ ਕਿਹਾ ਕਿ ਮਸਜਿਦ ਦੇ ਆਕਾਰ ਦਾ ਫ਼ੈਸਲਾ ਸਥਾਨਕ ਲੋਕਾਂ ਦੀਆਂ ਲੋੜਾਂ ਅਨੁਸਾਰ ਲਿਆ ਜਾਵੇਗਾ। ਦੱਸਣਯੋਗ ਹੈ ਕਿ ਪਿਛਲੇ ਵਰ੍ਹੇ ਨਵੰਬਰ ਵਿੱਚ ਰਾਮ ਜਨਮ ਭੂਮੀ- ਬਾਬਰੀ ਮਸਜਿਦ ਵਿਵਾਦ ਬਾਰੇ ਇਤਿਹਾਸਿਕ ਫ਼ੈਸਲੇ ਵਿੱਚ ਸੁਪਰੀਮ ਕੋਰਟ ਨੇ ਮੰਦਰ ਦੀ ਉਸਾਰੀ ਕਰਨ ਦੇ ਹੱਕ ਵਿੱਚ ਫ਼ੈਸਲਾ ਦਿੱਤਾ ਸੀ। ਸਿਖਰਲੀ ਅਦਾਲਤ ਨੇ ਅਯੁੱਧਿਆ ਵਿੱਚ ਹੀ ਮਸਜਿਦ ਦੀ ਉਸਾਰੀ ਲਈ ਪੰਜ ਏਕੜ ਜ਼ਮੀਨ ਦੇਣ ਦਾ ਵੀ ਫ਼ੈਸਲਾ ਸੁਣਾਇਆ ਸੀ। ਸੁੰਨੀ ਵਕਫ਼ ਬੋਰਡ ਨੇ ਸਪੱਸ਼ਟ ਕੀਤਾ ਕਿ ਉਹ ਜ਼ਮੀਨ ਲੈਣ ਤੋਂ ਇਨਕਾਰ ਨਹੀਂ ਕਰ ਸਕਦੇ ਸਨ। ਫਾਰੂਕੀ ਨੇ ਕਿਹਾ, ''ਸੁਪਰੀਮ ਕੋਰਟ ਦੇ ਫ਼ੈਸਲੇ ਮਗਰੋਂ ਸੁੰਨੀ ਵਕਫ਼ ਬੋਰਡ ਅਯੁੱਧਿਆ ਵਿੱਚ ਮਸਜਿਦ ਦੀ ਉਸਾਰੀ ਲਈ ਪੰਜ ਏਕੜ ਜ਼ਮੀਨ ਲੈਣ ਤੋਂ ਇਨਕਾਰ ਨਹੀਂ ਕਰ ਸਕਦਾ ਸੀ ਕਿਉਂਕਿ ਅਜਿਹਾ ਕਰਨ ਨਾਲ ਅਦਾਲਤ ਦੀ ਹੱਤਕ ਹੋਣੀ ਸੀ।'' ਸੁਪਰੀਮ ਕੋਰਟ ਦੇ ਫ਼ੈਸਲੇ 'ਤੇ ਉੱਤਰ ਪ੍ਰਦੇਸ਼ ਸਰਕਾਰ ਵਲੋਂ ਸੁੰਨੀ ਵਕਫ਼ ਬੋਰਡ ਨੂੰ ਅਯੁੱਧਿਆ-ਲਖਨਊ ਹਾਈਵੇਅ 'ਤੇ ਸੋਹਾਵਾਲ ਖੇਤਰ ਦੇ ਪਿੰਡ ਧਨੀਪੁਰ ਵਿੱਚ ਜ਼ਮੀਨ ਅਲਾਟ ਕੀਤੀ ਗਈ ਹੈ।


TANDOOR
Indian Restaurant
27167 Mission Blvd. Hayward, CA 95544





ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE:
FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ
BUFFET LUNCH 11:00 AM To 3:00 PM
We are open seven days 11 AM to 10 PM
Contact Us:
Ph. 510-885-1212
Fax. 510-885-1532



'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

ਦੇਸ਼ ਦੁਆਬਾ

# ਟਰੰਪ ਦਾ ਭਾਰਤ ਦੌਰਾ

ਡੋਨਾਲਡ ਟਰੰਪ ਭਾਰਤ ਦਾ ਦੌਰਾ ਕਰਨ ਵਾਲੇ ਅੱਠਵੇਂ ਅਮਰੀਕੀ ਰਾਸ਼ਟਰਪਤੀ ਹਨੇ। ਦੁਨੀਆ ਵਿਚ ਆਰਥਿਕ, ਸਿਆਸੀ ਅਤੇ ਫ਼ੌਜੀ ਤਾਕਤ ਦੇ ਲਿਹਾਜ਼ ਨਾਲ ਅਮਰੀਕਾ ਸਿਖ਼ਰ 'ਤੇ ਕਾਬਜ਼ ਹੈ। ਵਿਸ਼ਵ ਵਿਵਸਥਾ ਵਿਚ ਉਸ ਦੇ ਇਸ ਕੱਦ ਦੇ ਪਿੱਛੇ ਦੂਰਗਾਮੀ ਆਰਥਿਕ-ਰਣਨੀਤਕ ਸੋਚ ਅਤੇ ਨੀਤੀਆਂ ਦੀ ਅਹਿਮ ਭੂਮਿਕਾ ਰਹੀ ਹੈ। ਬਦਲਦੇ ਦੌਰ ਵਿਚ ਅਮਰੀਕਾ ਦੀ ਨੀਤੀ ਵਿਚ ਭਾਰਤ ਦਾ ਮਹੱਤਵ ਵਧਿਆ ਹੈ। ਟਰੰਪ ਤੋਂ ਪਹਿਲਾਂ ਰਹੇ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਦੇ ਦੋ ਭਾਰਤ ਦੌਰਿਆਂ ਤੋਂ ਇਹ ਰੇਖਾਂਕਿਤ ਵੀ ਹੁੰਦਾ ਹੈ। ਦੂਜੇ ਪਾਸੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 9 ਮਹੀਨੇ ਪਹਿਲਾਂ ਹੀ ਪ੍ਰਚੰਡ ਬਹੁਮਤ ਨਾਲ ਦੁਬਾਰਾ ਪ੍ਰਧਾਨ ਮੰਤਰੀ ਬਣੇ ਹਨ। ਅਜਿਹੇ ਵਿਚ ਰਾਸ਼ਟਰਪਤੀ ਟਰੰਪ ਜਿੱਥੇ ਇਸ ਦੌਰੇ ਵਿਚ ਅਮਰੀਕਾ ਦੇ ਰਣਨੀਤਕ ਅਤੇ ਕਾਰੋਬਾਰੀ ਹਿੱਤ ਸਾਧਣ ਵਿਚ ਜੁਟੇ ਤਾਂ ਜੋ ਉਨ੍ਹਾਂ ਦਾ ਚੋਣ ਫ਼ਾਇਦਾ ਲਿਆ ਜਾ ਸਕੇ, ਓਥੇ ਹੀ ਮੋਦੀ ਦੀ ਕੋਸ਼ਿਸ਼ ਅਜਿਹੇ ਸਮਝੌਤਿਆਂ 'ਤੇ ਧਿਆਨ ਕੇਂਦਰਿਤ ਕਰਨ ਦੀ ਰਹੀ ਜੋ ਭਾਰਤ ਦੇ ਲੰਬੇ ਅਰਸੇ ਦੇ ਹਿੱਤਾਂ ਲਈ ਚੰਗੇਰੇ ਸਿੱਧ ਹੋਣ। ਜਿੱਥੇ ਤਕ ਅਮਰੀਕੀ ਵਿਦੇਸ਼ ਨੀਤੀ ਦੇ ਮੂਲ ਸਿਧਾਂਤਾਂ ਦੀ ਗੱਲ ਹੈ ਤਾਂ ਇਸ ਵਿਚ 19ਵੀਂ ਸਦੀ ਦੇ ਅਮਰੀਕੀ ਵਿਚਾਰਕ ਨਿਕੋਲਸ ਸਪਾਈਕਮੈਨ ਦੀ ਇਹ ਧਾਰਨਾ ਬਹੁਤ ਅਹਿਮ ਮੰਨੀ ਜਾਂਦੀ ਹੈ ਕਿ ਯੂਰੇਸ਼ੀਆ ਵਿਚ ਕਿਸੇ ਵੱਡੀ ਸ਼ਕਤੀ ਦਾ ਉੱਭਰਨਾ ਅਮਰੀਕੀ ਹਿੱਤਾਂ ਦੇ ਉਲਟ ਹੋਵੇਗਾ। ਅਜਿਹੀ ਕਿਸੇ ਸ਼ਕਤੀ ਦਾ ਅੰਦਰੂਨੀ ਕਲੇਸ਼ ਜਾਂ ਬਾਹਰੀ ਸੰਕਟਾਂ ਵਿਚ ਉਲਝੇ ਰਹਿਣਾ ਹੀ ਅਮਰੀਕੀ ਹਿੱਤ ਦੇ ਮਾਫ਼ਕ ਮੰਨਿਆ ਗਿਆ ਹੈ। ਅਤੀਤ ਵਿਚ ਜਰਮਨੀ ਅਤੇ ਸੋਵੀਅਤ ਯੂਨੀਅਨ ਦੇ ਰੂਪ ਵਿਚ ਅਜਿਹੀਆਂ ਸ਼ਕਤੀਆਂ ਦੇ ਉਦੈ ਅਤੇ ਉਨ੍ਹਾਂ ਦੇ ਪਤਨ ਵਿਚ ਅਮਰੀਕੀ ਭੂਮਿਕਾ ਦਾ ਸਰਗਰਮ ਯੋਗਦਾਨ ਰਿਹਾ ਸੀ। ਫ਼ਿਲਹਾਲ ਅਜਿਹਾ ਖ਼ਤਰਾ ਚੀਨ ਦੇ ਰੂਪ ਵਿਚ ਉੱਭਰ ਰਿਹਾ ਹੈ ਜੋ ਆਪਣੀ ਆਰਥਿਕ ਅਤੇ ਫ਼ੌਜੀ ਤਾਕਤ ਤੇਜ਼ੀ ਨਾਲ ਵਧਾ ਰਿਹਾ ਹੈ। ਬੈਲਟ ਐਂਡ ਰੋਡ ਯੋਜਨਾ ਜ਼ਰੀਏ ਚੀਨ ਨਾ ਸਿਰਫ਼ ਮੱਧ ਏਸ਼ੀਆ ਅਤੇ ਯੂਰਪ ਤਕ ਆਪਣੀ ਚੜ੍ਹਤ ਬਣਾਉਣੀ ਚਾਹੁੰਦਾ ਹੈ ਬਲਕਿ ਅਫ਼ਰੀਕਾ ਵਿਚ ਆਪਣੇ ਨਿਵੇਸ਼ ਅਤੇ ਜਿਬੂਤੀ ਵਿਚ ਫ਼ੌਜੀ ਅੱਡਾ ਬਣਾ ਕੇ ਅਫਰੀਕੀ ਮੁਲਕਾਂ ਵਿਚ ਵੀ ਮਜ਼ਬੂਤ ਹਾਜ਼ਰੀ ਦਰਜ ਕਰਵਾ ਚੁੱਕਾ ਹੈ। ਯੂਰੇਸ਼ੀਆ ਅਤੇ ਅਫਰੀਕਾ ਵਿਚ ਚੀਨ ਦੇ ਵੱਧ ਰਹੇ ਪ੍ਰਭਾਵ ਦੇ ਅੱਗੇ ਜਮਹੂਰੀ ਅਮਰੀਕੀ ਚੜ੍ਹਤ 'ਤੇ ਕਮਿਊਨਿਸਟ ਚੀਨ ਦੀ ਚੜ੍ਹਤ ਹੋ ਸਕਦੀ ਹੈ। ਇਹ ਅਮਰੀਕੀ ਨੀਤੀ ਘਾੜਿਆਂ ਲਈ ਚਿੰਤਾ ਦਾ ਵਿਸ਼ਾ ਹੈ। ਇਸ ਦਾ ਹੱਲ ਉਨ੍ਹਾਂ ਨੂੰ ਇਕ ਵੱਡੇ ਜਮਹੂਰੀ ਮੁਲਕ ਭਾਰਤ ਦੇ ਰੂਪ ਵਿਚ ਦਿਖਾਈ ਦੇ ਰਿਹਾ ਹੈ। ਜੇਕਰ ਚੀਨ ਦੀ ਆਰਥਿਕ ਅਤੇ ਫ਼ੌਜੀ ਸਮਰੱਥਾ ਨੂੰ ਸੰਤੁਲਿਤ ਬਣਾਉਣ ਦੀ ਸਮਰੱਥਾ ਕਿਸੇ ਦੇਸ਼ ਵਿਚ ਹੈ ਤਾਂ ਉਹ ਭਾਰਤ ਹੀ ਹੈ। ਆਰਥਿਕ ਵਿਕਾਸ ਨੂੰ ਲੈ ਕੇ ਚੁੱਕੇ ਜਾ ਰਹੇ ਠੋਸ ਕਦਮਾਂ ਦੇ ਇਲਾਵਾ ਡੋਕਲਾਮ ਅਤੇ ਬਾਲਾਕੋਟ ਵਰਗੇ ਫ਼ੈਸਲਿਆਂ ਨੇ ਪੀਐੱਮ ਮੋਦੀ ਦੀ ਅਗਵਾਈ ਵਾਲੇ ਭਾਰਤ ਵਿਚ ਵਿਸ਼ਵ ਭਾਈਚਾਰੇ ਦਾ ਭਰੋਸਾ ਮਜ਼ਬੂਤ ਕੀਤਾ ਹੈ। ਅਮਰੀਕੀ ਨੀਤੀ ਘਾੜਿਆਂ ਨੂੰ ਹੁਣ ਅਹਿਸਾਸ ਹੋ ਚੱਲਿਆ ਹੈ ਕਿ ਵਿਸ਼ਵ ਪੱਧਰੀ ਵਿਵਸਥਾ ਵਿਚ ਕਿਸੇ ਨਾਂਹ-ਪੱਖੀ ਬਦਲਾਅ ਨੂੰ ਰੋਕਣ ਲਈ ਭਾਰਤ ਦੀ ਆਰਥਿਕ-ਫ਼ੌਜੀ ਸਮਰੱਥਾ ਵਿਚ ਵਾਧਾ ਬੇਹੱਦ ਜ਼ਰੂਰੀ ਹੈ ਅਤੇ ਇਸ ਨੂੰ ਵਧਾਉਣ ਲਈ ਅਮਰੀਕਾ ਨੂੰ ਤਤਪਰ ਰਹਿਣਾ ਹੋਵੇਗਾ। ਇਸ ਨੂੰ ਦੇਖਦੇ ਹੋਏ ਟਰੰਪ ਦੇ ਦੌਰੇ ਵਿਚ ਕੁਝ ਫ਼ੌਜੀ, ਤਕਨੀਕੀ ਸਾਂਝੇਦਾਰੀ ਅਤੇ ਉਨ੍ਹਾਂ ਦੇ ਸਾਂਝੇ ਵਿਕਾਸ ਨੂੰ ਲੈ ਕੇ ਸਮਝੌਤੇ ਹੋਣ ਦੀ ਤਕੜੀ ਸੰਭਾਵਨਾ ਹੈ। ਕੁਝ ਸਮਝੌਤੇ ਭਾਰਤ ਨੂੰ ਈਰਾਨ ਅਤੇ ਰੂਸ ਆਦਿ ਦੇਸ਼ਾਂ 'ਤੇ ਅਮਰੀਕੀ ਪਾਬੰਦੀਆਂ ਤੋਂ ਰਿਆਇਤ ਦੇਣ ਲਈ ਵੀ ਹੋ ਸਕਦੇ ਹਨ ਜਾਂ ਅਜਿਹਾ ਰਸਤਾ ਨਿਕਲ ਸਕਦਾ ਹੈ ਜਿਸ ਨਾਲ ਭਾਰਤ ਦੀਆਂ ਤੇਲ ਦੀ ਸਪਲਾਈ ਅਤੇ ਹੋਰ ਜ਼ਰੂਰਤਾਂ ਦੀ ਪੂਰਤੀ 'ਤੇ ਘੱਟ ਤੋਂ ਘੱਟ ਅਸਰ ਪਵੇ। ਕਿਉਂਕਿ ਭਾਰਤ ਅਤੇ ਅਮਰੀਕਾ, ਦੋਵੇਂ ਵਿਸ਼ਵ ਵਪਾਰ ਦੇ ਵੱਡੇ ਖਿਡਾਰੀ ਹਨ ਤਾਂ ਵਪਾਰਕ ਮੁਹਾਜ਼ 'ਤੇ ਵੀ ਕੁਝ ਪਹਿਲ ਦੀ ਸੰਭਾਵਨਾ ਹੈ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

ਲੜੀ ਨੰਬਰ-126

## 'ਘੱਗਾ' ਅੱਖਰ, ਘੱਗਾ ਪਿੰਡ ਤੇ ਪ੍ਰੋਫੈਸਰ ਘੱਗਾ



ਅਵਤਾਰ ਸਿੰਘ ਮਿਸ਼ਨਰੀ
510-432-5827

ਘੱਗਾ-"ਘ" ਪੰਜਾਬੀ ਵਰਨਮਾਲਾ ਦਾ ਨੌਵਾਂ ਅੱਖਰ ਜਿਸ ਦਾ ਉਚਾਰਣ ਕੰਠ ਤੋਂ ਹੁੰਦਾ ਹੈ। ਘੱਗਾ ਅੱਖਰ ਘਰ ਤੇ ਘੱਗ ਦਰਿਆ ਨਾਲ ਵੀ ਸਬੰਧ ਰੱਖਦਾ ਹੈ। ਘੱਗਾ, ਭਾਰਤ ਦੇ ਪਟਿਆਲਾ ਜ਼ਿਲ੍ਹੇ ਦਾ ਇੱਕ ਨਗਰ ਅਤੇ ਇੱਕ ਮਿਊਂਸਪਲ ਕਮੇਟੀ ਹੈ। ਇਹ ਪਟਿਆਲਾ-ਪਾਤੜਾਂ ਸੜਕ ਤੇ ਸਥਿਤ ਅਤੇ ਹਰਿਆਣਾ ਦੇ ਬਾਰਡਰ ਦੇ ਬਹੁਤ ਨਜ਼ਦੀਕ ਹੈ। ਘੱਗਾ ਪੰਜਾਬ ਦੇ ਸ਼ਤਰਾਣਾ ਖੇਤਰ ਵਿੱਚ ਆਉਂਦਾ ਹੈ। ਇਹ ਘੱਗਾ ਕੋਠੀ ਲਈ ਮਸ਼ਹੂਰ ਹੈ, ਜੋ ਪਟਿਆਲਾ ਦੇ ਸ਼ਾਹੀ ਪਰਿਵਾਰ ਦੀ ਮਲਕੀਅਤ ਸੀ, ਹੁਣ ਪੰਜਾਬ ਪੁਲਿਸ ਦੇ ਕੰਟਰੋਲ ਹੇਠ ਹੈ।

ਘੱਗਾ ਪਿੰਡ ਦੇ ਸਰਦਾਰ ਰਿਧ ਸਿੰਘ ਸਿੰਘ ਜੀ, ਰਿਆਸਤ ਪਰਜਾਮੰਡਲ ਪਾਰਟੀ ਦੇ ਉਪ ਪ੍ਰਧਾਨ ਸਨ। ਠੀਕਰੀਵਾਲਾ ਦੇ ਸਰਦਾਰ ਸੇਵਾ ਸਿੰਘ ਠੀਕਰੀਵਾਲਾ ਇਸ ਦੇ ਪ੍ਰਧਾਨ ਸਨ। ਇਹ ਪਾਰਟੀ ਆਜ਼ਾਦੀ ਸੰਘਰਸ਼ ਦਾ ਹਿੱਸਾ ਹੁੰਦੇ ਹੋਏ ਆਮ ਆਦਮੀ ਲਈ ਬਰਾਬਰ ਦੇ ਹੱਕ ਚਾਹੁੰਦੀ ਸੀ।

ਉਸ ਸਮੇਂ, ਬ੍ਰਿਟਿਸ਼ ਅਤੇ ਰਾਜਤੰਤਰ ਨੇ ਪੰਜਾਬ ਦੇ ਲੋਕਾਂ ਵਿਰੁੱਧ ਬਹੁਤ ਸਾਰੀਆਂ ਪਾਬੰਦੀਆਂ ਲਗਾਈਆਂ ਸਨ। ਸੜਕਾਂ ਉੱਤੇ ਚੱਲਣ ਦੀ ਆਜ਼ਾਦੀ ਨਹੀਂ ਸੀ, ਜਿਨ੍ਹਾਂ ਨਾਲ ਪਿੰਡਾਂ ਨੂੰ ਮੁੱਖ ਕਸਬੇ ਅਤੇ ਸ਼ਹਿਰਾਂ ਨਾਲ ਜੋੜਿਆ ਹੋਇਆ ਸੀ। ਦੂਜੇ ਪਾਸੇ ਮਹਾਰਾਜਾ, ਇਨ੍ਹਾਂ ਸੜਕਾਂ ਨੂੰ ਸ਼ਿਕਾਰ ਅਤੇ ਹੋਰ ਮੁਹਿੰਮਾਂ ਲਈ ਇਸਤੇਮਾਲ ਕਰਦਾ ਸੀ। ਇਹ ਅਤੇ ਬਹੁਤ ਸਾਰੇ ਪੰਜਾਬੀ ਲੋਕਾਂ ਦੇ ਖਿਲਾਫ ਕਈ ਹੋਰ ਉਲੰਘਣਾਵਾਂ ਕਾਰਨ ਰਿਆਸਤ ਪਰਜਾਮੰਡਲ ਪਾਰਟੀ ਦਾ ਗਠਨ ਹੋ ਗਿਆ ਜਿਸ ਨੇ ਪੰਜਾਬ ਦੇ ਮੂਲ ਵਾਸੀਆਂ ਦੇ ਬੁਨਿਆਦੀ ਅਧਿਕਾਰਾਂ ਦੀ ਮੰਗ ਕੀਤੀ।

ਸਰਦਾਰ ਰਿਧ ਸਿੰਘ ਸਿੰਘ ਅਕਾਲੀ ਪੰਨੂੰ ਨੇ ਪੰਜਾਬ ਵਿੱਚ ਆਮ ਆਦਮੀ ਦੇ ਬੁਨਿਆਦੀ ਅਧਿਕਾਰਾਂ ਦੀ ਮੰਗ ਲਈ ਅਨੇਕਾਂ ਸਰਗਰਮੀਆਂ ਵਿੱਚ ਸਰਗਰਮ ਭੂਮਿਕਾ ਨਿਭਾਈ।

ਜਨਸੰਖਿਆ ਅੰਕੜੇ-੨੦੦੧ ਦੀ ਭਾਰਤ ਦੀ ਜਨਗਣਨਾ ਅਨੁਸਾਰ ਪਿੰਡ ਘੱਗਾ ਦੀ ਆਬਾਦੀ ੨੫੦੦੦ ਸੀ। ਮਰਦ ੫੩% ਅਤੇ ਮਹਿਲਾ ਆਬਾਦੀ ੪੭% ਸੀ। ਘੱਗੇ ਦੀ ਔਸਤਨ ਸਾਖਰਤਾ ਦਰ ੪੯% ਹੈ ਜੋ ਕੌਮੀ ਔਸਤ ੫੯.੫% ਤੋਂ ਘੱਟ ਹੈ। ਮਰਦ ਸਾਖਰਤਾ ੫੬% ਅਤੇ ਔਰਤਾਂ ਦੀ ਸਾਖਰਤਾ ੪੧% ਹੈ। ਘੱਗੇ ਵਿੱਚ ੧੫% ਆਬਾਦੀ ੬ ਸਾਲ ਦੀ ਉਮਰ ਤੋਂ ਘੱਟ ਹੈ। ਘੱਗਾ ਵਿੱਚ ਕਈ ਰੈਸਟੋਰੈਂਟ ਸਨ।

ਪ੍ਰੋ. ਘੱਗਾ-ਪਿੰਡ ਘੱਗਾ ਦੇ ਹੀ ਜਮਪਲ ਪ੍ਰੋ. ਇੰਦਰ ਸਿੰਘ ਘੱਗਾ ਜੀ ਇਕ ਪ੍ਰਸਿੱਧ ਲਿਖਾਰੀ ਤੇ ਪ੍ਰਚਾਰਕ ਨੇ ਜੋ ਪਹਿਲੇ ਜਿਮੀਦਾਰ ਕਿਸਾਨ ਫਿਰ ਫੌਜੀ, ਪੰਜਾਬ ਸਰਕਾਰ ਦੇ ਡ੍ਰਾਈਵਰ, ਮਿਸ਼ਨਰੀ ਕਾਲਜ ਰੋਪੜ ਤੇ ਗੁਰਮਤਿ ਗਿਆਨ ਮਿਸ਼ਨਰੀ ਕਾਲਜ ਦੇ ਕੁਝ ਸਮਾ ਪ੍ਰੋਫੈਸਰ ਤੇ ਅਕਾਲ ਤਖਤ ਦੇ ਜਥੇਦਾਰ ਪ੍ਰੋ. ਮਨਜੀਤ ਸਿੰਘ ਦੇ ਸਲਾਹਕਾਰ ਵੀ ਰਹੇ ਹਨ। ਜੋ ਗੁਰਮਤਿ ਸਬੰਧੀ ਕਰੀਬ ਦੋ ਦਰਜਨ ਪੁਸਤਕਾਂ ਦੇ ਲਿਖਾਰੀ, ਸੀਡੀਆਂ ਤੇ ਵੀਡੀਓਜ ਦੇ ਰਚੇਤਾ ਹੁੰਦੇ ਹੋਏ ਨਿਧੜਕ ਪ੍ਰਚਾਰਕ ਵੀ ਹਨ।ਇਨ੍ਹਾਂ ਦਾ ਲਿਟ੍ਰੇਚਰ ਤਰਕ ਅਧਾਰਤ ਜੋ ਗੁਰਮਤਿ ਤੇ ਮਨਮਤਿ ਨੂੰ ਬਾਖੂਬੀ ਨਿਖੇੜਦਾ ਹੋਇਆ ਵਹਿਮਾਂ ਭਰਮਾਂ, ਕਰਮਕਾਂਡਾਂ, ਕਰਾਮਾਤਾਂ, ਅਖੌਤੀ ਡੇਰੇਦਾਰ ਸਾਧਾਂ ਸੰਤਾਂ,ਬਾਬਿਆਂ ਤੇ ਟਕਸਾਲੀਆਂ ਵੱਲੋਂ ਸਿੱਖੀ 'ਚ ਫੈਲਾਏ ਬ੍ਰਾਹਮਣਵਾਦ ਦੇ ਬਖੀਏ ਉਧੇੜਦਾ ਹੈ। ਇਸੇ ਕਰਕੇ ਡੇਰੇਦਾਰ, ਟਕਸਾਲੀ ਇਨ੍ਹਾਂ 'ਤੇ ਮਾਰੂ ਹਮਲੇ ਵੀ ਕਰ ਚੁੱਕੇ ਹਨ। ਅੱਜ ਬਜੁਰਗ ਅਵੱਸਥਾ 'ਚ ਵੀ ਇਹ ਬੁੱਢਾ ਸ਼ੇਰ ਇਲੈਕ੍ਟ੍ਰੌਨਿਕ ਮੀਡੀਏ ਰਾਹੀਂ ਗੁਰਮਤਿ ਦੀ ਦਹਾੜਾਂ ਮਾਰਦੇ ਮਨਮੱਤਾਂ ਤੇ ਅਣਹੋਣੀਆਂ ਕਰਾਮਾਤੀ ਗੱਪਾਂ ਦੇ ਬਖੀਏ ਉਧੇੜਦਾ ਹੈ। ਹੋਣਹਾਰ ਬਿਰਹਵਾਨ ਕੇ ਚਿਕਨੇ ਚਿਕਨੇ ਪਾਤ ਅਨੁਸਾਰ ਅੱਗੇ ਇਨ੍ਹਾਂ ਦੀ ਹੋਣਹਾਰ ਲੜਕੀ ਸ਼ੇਰਦਿਲ ਬੀਬੀ ਨਵਦੀਪ ਕੌਰ ਇੰਗਲੈਂਡ ਵੀ ਬਾਖੂਬੀ ਗੁਰਮਤਿ ਦਾ ਪ੍ਰਚਾਰ ਕਰ ਰਹੀ ਹੈ ਜੋ ਪੰਜਾਂ ਪਿਆਰਿਆਂ 'ਚ ਖੰਡੇ ਦੀ ਪਾਹੁਲ ਦੇਣ ਦੀ ਸੇਵਾ ਵੀ ਨਿਭਾਹ ਚੁੱਕੀ ਹੈ। ਭਾਵੇਂ ਬਾਦਲੀ ਸ੍ਰੋਮਣੀ ਕਮੇਟੀ ਦੇ ਬਾਮਣ ਜਥੇਦਾਰ ਪੁਜਾਰੀਆਂ ਨੇ ਇਨ੍ਹਾਂ ਦੀਆਂ ਤੇ ਸਰਦਾਰ ਗੁਰਬਖਸ਼ ਸਿੰਘ ਕਾਲਾ ਅਫਗਾਨਾਂ ਦੀਆਂ ਕਿਤਾਬਾਂ 'ਤੇ ਪਾਬੰਧੀ ਲਾ ਦਿੱਤੀ ਸੀ ਫਿਰ ਵੀ ਉਹ ਧੜਾਧੜ ਵਿਕੀਆਂ ਤੇ ਵਿਕ ਰਹੀਆਂ ਹਨ। ਅਸੀਂ ਵੀ ਆਪਣੀ ਗੁਰਮਤਿ ਸਟਾਲ ਤੇ ਇਨ੍ਹਾਂ ਸ਼ੇਰਦਿਲ ਸਰਦਾਰਾਂ ਤੇ ਹੋਰ ਗੁਰਮਤਿ ਦੇ ਪਾਂਧੀ ਲੇਖਕਾਂ ਦੀਆਂ ਪੁਸਤਕਾਂ ਰੱਖਦੇ ਹਾਂ। ਸਾਡੀ ਸਟਾਲ ਐਤਵਾਰ ਨੂੰ ਸੈਨਹੋਜੇ ਗੁਰਦੁਆਰੇ ਤੇ ਲੋਡਾਈ ਆਦਿਕ ਹੋਰ ਗੁਰਦੁਆਰਿਆਂ 'ਚ ਵੀ ਲਗਦੀ ਹੈ।

ਅੱਜ ਕੱਲ੍ਹ ਪ੍ਰੋ. ਇੰਦਰ ਸਿੰਘ ਘੱਗਾ ਜੀ ਗੁਰਮਤਿ ਦੇ ਨਿਧੜਕ, ਵਗਿਆਨਕ ਤੇ ਲੌਜੀਕਲ ਪ੍ਰਚਾਰਕ ਭਾਈ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਨਾਲ ਸਹਿਯੋਗ ਦੇ ਕੇ ਤੱਤ ਗੁਰਮਤਿ ਦਾ ਪ੍ਰਚਾਰ ਕਰ ਰਹੇ ਹਨ। ਇਨ੍ਹਾਂ ਦੀਆਂ ਨਵੀਆਂ ਵੀਡੀਓ ਫੇਸਬੁਕ ਤੇ ਯੂ ਟਿਊਬ ਤੇ ਸੁਣੀਆਂ ਜਾ ਸਕਦੀਆਂ ਹਨ। ਸਰਦਾਰ ਘੱਗਾ ਅਮਰੀਕਾ, ਕਨੇਡਾ, ਇੰਗਲੈਂਡ ਤੇ ਹੋਰ ਦੇਸ਼ਾਂ ਵਿਦੇਸ਼ਾਂ 'ਚ ਵੀ ਪ੍ਰਚਾਰ ਕਰ ਚੁੱਕੇ ਹਨ। ਇਸ ਕਰਕੇ ਪਿੰਡ ਘੱਗਾ ਇੰਡਟ੍ਰਨੈਸ਼ਨਲ ਪੱਧਰ ਤੇ ਮਸ਼ਹੂਰ ਹੋ ਚੁੱਕਾ ਹੈ।

# ਪੰਜਾਬੀ ਕਲਚਰਲ ਐਸੋਸੀਏਸ਼ਨ (ਪੀਸੀਏ) ਫਰਿਜ਼ਨੋ ਦੇ ਮੈਂਬਰ ਅਤੇ ਗੁਰਦਵਾਰਾ ਸਿੰਘ ਸਭਾ ਫਰਿਜ਼ਨੋ ਦੀ ਕਮੇਟੀ ਢੱਡਰੀਆਂ ਵਾਲ਼ਿਆ ਦੇ ਹੱਕ ਵਿੱਚ ਡਟੇ

**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ** – ਪਿਛਲੇ ਦਿਨੀ ਭਾਈ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਵੱਲੋਂ ਪੰਜਾਬ ਤੇ ਹੋਰ ਦੁਨੀਆਂ ਦੇ ਵੱਖ-ਵੱਖ ਕੋਨਿਆਂ 'ਚ ਸਟੇਜਾਂ ਲਗਾ ਕੇ ਸਿੱਖ ਧਰਮ ਦਾ ਪ੍ਰਚਾਰ ਛੱਡਣ ਦਾ ਐਲਾਨ ਕਰਨ ਦੇ ਕਾਰਨਾਂ ਦਾ ਖੁਲਾਸਾ ਕੀਤਾ ਗਿਆ ਸੀ। ਇਸ ਦੇ ਨਾਲ ਹੀ ਉਹਨਾਂ ਨੇ ਭਾਈ ਅਮਰੀਕ ਸਿੰਘ ਅਜਨਾਲਾ ਨੂੰ ਚੈਲੇਂਜ ਕੀਤਾ ਹੈ ਕਿ ਉਹ ਚੈਨਲ 'ਤੇ ਆ ਕੇ ਉਨ੍ਹਾਂ ਨਾਲ ਸੰਵਾਦ ਕਰਨ ਨੂੰ ਤਿਆਰ ਹਨ। ਭਾਈ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਨੇ ਜਾਰੀ ਇਕ ਵੀਡਿਓ ਰਾਹੀਂ ਕਿਹਾ ਕਿ ਪਿਛਲੇ ਕੁੱਝ ਦਿਨਾਂ ਤੋਂ ਸਿੱਖ ਧਰਮ ਦੇ ਪ੍ਰਚਾਰ ਲਈ ਉਹ ਜਿੱਥੇ ਵੀ ਧਾਰਮਿਕ ਦੀਵਾਨ ਲਗਾਉਂਦੇ ਹਨ, ਉਥੇ ਹੀ ਭਾਈ ਅਮਰੀਕ ਸਿੰਘ ਅਜਨਾਲਾ ਤੇ ਹੋਰ ਜੱਥੇਬੰਦੀਆਂ ਵਲੋਂ ਉਨ੍ਹਾਂ ਦਾ ਵਿਰੋਧ ਕੀਤਾ ਜਾ ਰਿਹਾ ਹੈ, ਇੱਥੋਂ ਤੱਕ ਖੂਨ-ਖਰਾਬਾ ਅਤੇ ਮਾਰਨ ਤੱਕ ਦੀਆਂ ਧਮਕੀਆਂ ਵੀ ਦਿ-ੱਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਮੈਨੂੰ ਆਪਣੀ ਜਾਨ ਦਾ ਡਰ ਨਹੀਂ ਹੈ ਪਰ ਧਾਰਮਿਕ ਦੀਵਾਨਾਂ ਦੌਰਾਨ ਜੇਕਰ ਕਿਤੇ ਟਕਰਾਅ ਹੋ ਗਿਆ 'ਤਾਂ ਇਸ ਨਾਲ ਕਈ ਕੀਮਤੀ ਜਾਨਾਂ ਤੱਕ ਜਾ ਸਕਦੀਆਂ ਹਨ ਜਿਸਦੇ ਬਚਾਅ ਲਈ ਉਨ੍ਹਾਂ ਫਿਲਹਾਲ ਧਾਰਮਿਕ ਦੀਵਾਨ ਨਾ ਲਗਾਉਣ ਦਾ ਫੈਸਲਾ ਕੀਤਾ ਹੈ।



> ਉਨ੍ਹਾਂ ਇਹ ਵੀ ਕਿਹਾ ਕਿ ਭਾਈ ਅਜਨਾਲਾ ਵਲੋਂ ਹਮੇਸ਼ਾ ਹੀ ਉਨ੍ਹਾਂ ਖਿਲਾਫ਼ ਇਸ ਤਰਾਂ ਦਾ ਪ੍ਰਚਾਰ ਕੀਤਾ ਜਾਂਦਾ ਹੈ ਕਿ ਢੱਡਰੀਆਂ ਵਾਲਾ ਸਿੱਖ ਧਰਮ ਦੀਆਂ ਕੁੱਝ ਵਿਵਾਦਿਤ ਗੱਲਾਂ ਬਾਰੇ ਬੈਠ ਕੇ ਸੰਵਾਦ ਨਹੀਂ ਕਰਦਾ ਜਿਸ ਲਈ ਉਹ ਭਾਈ ਅਜਨਾਲਾ ਨੂੰ ਚੈਲੇਂਜ ਕਰਦੇ ਹਨ ਕਿ ਮਾਰਚ ਮਹੀਨੇ 'ਚ ਉਹ ਚੈਨਲ 'ਤੇ ਉਨ੍ਹਾਂ ਨੂੰ ਸੱਦਾ ਦੇਣਗੇ ਅਤੇ ਇੱਕ ਘੰਟੇ ਦਾ ਸਮਾਂ ਵਿਚਾਰ ਲਈ ਰੱਖਿਆ ਜਾਵੇਗਾ ਜਿਸ ਦੌਰਾਨ 40 ਮਿੰਟ ਅਜਨਾਲਾ ਉਹਨਾਂ ਨੂੰ ਸਵਾਲ ਕਰੇ 'ਤੇ ਉਹ ਉਨ੍ਹਾਂ ਦੇ ਪ੍ਰਸ਼ਨਾਂ ਦੇ ਉਤਰ ਦੇਣਗੇ, ਉਥੇ ਦੂਜੇ ਪਾਸੇ 20 ਮਿੰਟ ਦੇ ਸਮੇਂ ਦੌਰਾਨ ਅਜਨਾਲਾ ਨੂੰ ਵੀ ਉਨ੍ਹਾਂ ਦੇ ਸਵਾਲਾਂ ਦਾ ਜਵਾਬ ਦੇਣਾ ਪਵੇਗਾ ਅਤੇ ਗਲਤ ਠੀਕ ਦਾ ਸੰਗਤ ਫੈਸਲਾ ਕਰੇਗੀ। ਇਸੇ ਤਰਾਂ ਦੀ ਬੇਨਤੀ ਉਹਨਾਂ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਵੀ ਕੀਤੀ। ਭਾਈ ਰਣਜੀਤ ਸਿੰਘ ਢੱਡਰੀਆਂ ਵਾਲ਼ਿਆ ਦੇ ਉਪਰੋਕਤ ਫ਼ੈਸਲਿਆਂ ਦੀ ਪ੍ਰੋੜ੍ਹਤਾ ਲਈ ਫਰਿਜ਼ਨੋ ਦੇ ਗੁਰਦਵਾਰਾ ਸਿੰਘ ਸਭਾ ਵਿਖੇ ਕਮੇਟੀ ਮੈਂਬਰਾਂ ਦੇ ਨਾਲ ਨਾਲ ਪੰਜਾਬੀ ਕਲਚਰਲ ਐਸੋਸੀਏਸ਼ਨ (ਪੀਸੀਏ) ਦੇ ਮੈਂਬਰਾਂ ਦੀ ਇੱਕ ਅਹਿੰਮ ਮੀਟਿੰਗ ਹੋਈ, ਜਿਸ ਵਿੱਚ ਸਮੂਹ ਮੈਂਬਰਾਂ ਨੇ ਭਾਈ ਰਣਜੀਤ ਸਿੰਘ ਢੱਡਰੀਆਂ ਵਾਲ਼ਿਆ ਦੀ ਪੁਰ-ਜ਼ੋਰ ਹਮਾਇਤ ਕਰਨ ਦਾ ਫੈਸਲਾ ਲਿਆ। ਇਸ ਦੋਹਾਂ ਸੰਸਥਾਵਾਂ ਦੇ ਮੈਂਬਰਾਂ ਨੇ ਕਿਹਾ ਕਿ ਸਿੱਖ ਧਰਮ ਅੰਦਰ ਕਰਾਮਾਤਾਂ ਅਤੇ ਡੇਰਾਬਾਦ ਲਈ ਕੋਈ ਜਗ੍ਹਾ ਨਹੀਂ, ਅਗਰ ਕੋਈ ਇਨਸਾਨ ਗੁਰਬਾਣੀ ਦੀ ਰੌਸ਼ਨੀ ਵਿੱਚ ਤਰਕ ਨਾਲ ਪੁਜਾਰੀਵਾਦਤਾ ਦਾ ਵਿਰੋਧ ਕਰਦਾ ਹੈ ਅਸੀਂ ਉਸਦੀ ਪੁਰ-ਜ਼ੋਰ ਹਮਾਇਤ ਕਰਦੇ ਹਾਂ।

> ਇਸ ਮੌਕੇ ਪੰਜਾਬੀ ਕਲਚਰਲ ਐਸੋਸੀਏਸ਼ਨ (ਪੀਸੀਏ) ਮੈਂਬਰ ਗੁਰਨੇਕ ਸਿੰਘ ਬਾਗੜੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ 'ਤੇ ਸ਼ਿਕਵਾ ਜ਼ਾਹਿਰ ਕਰਦਿਆਂ ਕਿਹਾ ਕਿ ਬੜੀ ਹੈਰਾਨੀ ਦੀ ਗੱਲ ਹੈ ਕਿ ਛਬੀਲ ਵਰਗੀ ਪਵਿੱਤਰ ਮਰਿਆਦਾ ਦੀ ਆੜ੍ਹ ਹੇਠ ਉਨ੍ਹਾਂ ਨੇ ਢੱਡਰੀਆਂ ਵਾਲੇ ਦੇ ਇਕ ਸਾਥੀ ਨੂੰ ਕਤਲ ਕਰ ਦਿੱਤਾ ਗਿਆ ਪਰ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਵਲੋਂ ਇਸ ਘਿਨੌਣੀ ਹੱਤਿਆ ਬਾਰੇ ਇਕ ਵੀ ਨਿੰਦਾ ਵਾਲਾ ਸ਼ਬਦ ਮੂੰਹੋਂ ਨਹੀਂ ਨਿਕਲਿਆ। ਉਨ੍ਹਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਨੂੰ ਬੇਨਤੀ ਕੀਤੀ ਕਿ ਉਹ ਅਕਸਰ ਅਖ਼ਬਾਰਾਂ 'ਚ ਬਿਆਨ ਦਿੰਦੇ ਹਨ ਕਿ ਢੱਡਰੀਆਂ ਵਾਲਾ ਕਮੇਟੀ ਨਾਲ ਬੈਠ ਮਸਲੇ ਦਾ ਹੱਲ ਕਰੇ। ਉਨ੍ਹਾਂ ਕਿਹਾ ਕਿ ਹੁਣ ਭਾਈ ਰਣਜੀਤ ਸਿੰਘ ਢੱਡਰੀਆਂ ਵਾਲਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਨਾਲ ਹਰੇਕ ਵਿਵਾਦਿਤ ਮਸਲੇ ਬਾਰੇ ਚੈਨਲ 'ਤੇ ਬੈਠ ਕੇ ਸੰਵਾਦ ਕਰਨ ਨੂੰ ਤਿਆਰ ਹੈ 'ਤਾਂ ਜੋ ਸਾਰੀ ਗੱਲਬਾਤ ਦੁਨੀਆ ਦੇਖ ਸਕੇ, ਹੁਣ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਇਹ ਤਜਵੀਜ਼ ਮਨਜ਼ੂਰ ਕਰਨੀ ਚਾਹੀਦੀ ਹੈ।

ਇਸ ਮੌਕੇ ਗੁਰੂ-ਘਰ ਦੇ ਮੁੱਖ ਸੇਵਾਦਾਰ ਗੁਰਪ੍ਰੀਤ ਸਿੰਘ ਮਾਨ ਨੇ ਕਿਹਾ ਭਾਈ ਰਣਜੀਤ ਸਿੰਘ ਢੱਡਰੀਆਂ ਵਾਲ਼ਿਆ ਨੇ ਕਦੇ ਵੀ ਇਹ ਨਹੀਂ ਕਿਹਾ ਕਿ ਗੁਰੂ ਸਾਹਿਬ ਦੇ ਅਸਥਾਨਾਂ ਨੂੰ ਢਾਹ ਦਿਓ ਅਤੇ ਸਰੋਵਰਾਂ ਨੂੰ ਬੰਦ ਕਰ ਦਿਓ, ਉਹ ਸਾਰੇ ਧਾਰਮਿਕ ਅਸਥਾਨਾਂ ਦਾ ਸਤਿਕਾਰ ਕਰਦੇ ਹਨ ਪਰ ਉਹ ਡੇਰੇਦਾਰਾਂ ਦੀਆਂ ਝੂਠੀਆਂ ਪਰੰਪਰਾਵਾਂ ਦਾ ਵਿਰੋਧ ਕਰਦੇ ਹਨ ਅਤੇ ਸਾਡੇ ਗੁਰੂ ਸਾਹਿਬਾਨਾਂ ਵਲੋਂ ਗੁਰੂ ਗ੍ਰੰਥ ਸਾਹਿਬ 'ਚ ਦਰਜ਼ ਗੁਰਬਾਣੀ ਦਾ ਗਿਆਨ ਸਭ ਤੋਂ ਉਤਮ ਮੰਨਦੇ ਹਨ। ਉਨ੍ਹਾਂ ਕਿਹਾ ਕਿ ਪੁਜਾਰੀ ਵਰਗ ਦੇ ਚੁੰਗਲ 'ਚੋਂ ਲੋਕਾਂ ਨੂੰ ਕੱਢਣ ਲਈ ਗੁਰੂ ਸਾਹਿਬਾਨਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਕੀਤੀ ਪਰ ਅੱਜ ਵੀ ਪੁਜਾਰੀ ਵਰਗ ਸਾਡੀ ਸਿੱਖ ਕੌਮ ਨੂੰ ਕਰਾਮਾਤੀ ਢਾਂਚੇ ਨਾਲ ਜੋੜ ਕੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਣ ਤੱਕ ਹੀ ਸੀਮਿਤ ਰੱਖ ਰਿਹਾ ਹੈ। ਉਨ੍ਹਾਂ ਕਿਹਾ ਕਿ ਪੁਜਾਰੀ ਵਰਗ ਤੇ ਅੱਜ ਦੇ ਬਾਬਿਆਂ ਨੇ ਕਦੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਦਾ ਪ੍ਰਚਾਰ ਨਹੀਂ ਕੀਤਾ ਅਤੇ ਜੇਕਰ ਕਿਸੇ ਵੀ ਵਿਅਕਤੀ ਨੇ ਗੁਰਬਾਣੀ ਦਾ ਪ੍ਰਚਾਰ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਸਨੂੰ ਪੰਥ 'ਚੋਂ ਛੇਕ ਦਿੱਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਲੋੜ ਹੈ ਸਿੱਖ ਸੰਗਤ ਦਸਮ ਗ੍ਰੰਥ ਅਤੇ ਸੂਰਜ ਪ੍ਰਕਾਸ਼ ਦੀ ਬਜਾਏ ਸਾਡੇ ਗੁਰੂ ਸਾਹਿਬਾਨਾਂ ਤੇ ਭਗਤਾਂ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਵਿਚਾਰਧਾਰਾ ਨੂੰ ਪੜ੍ਹ ਕੇ ਜਾਗਰੂਕ ਹੋਵੇ। ਇਸ ਮੌਕੇ ਗੁਰਪ੍ਰੀਤ ਸਿੰਘ ਮਾਨ ਨੇ ਇਹ ਵੀ ਸ਼ਪੱਸ਼ਟ ਕੀਤਾ ਕਿ ਗੁਰਦਵਾਰਾ ਸਿੰਘ ਸਭਾ ਫਰਿਜ਼ਨੋ ਦੀ ਸਟੇਜ਼ ਭਾਈ ਰਣਜੀਤ ਸਿੰਘ ਢੱਡਰੀਆਂ ਵਾਲ਼ਿਆ ਲਈ ਹਮੇਸ਼ਾਂ ਖੁੱਲ੍ਹੀ ਹੈ ਅਤੇ ਹੋਰ ਵੀ ਕੋਈ ਪ੍ਰਚਾਰਕ ਜੋ ਗੁਰਬਾਣੀ ਦੀ ਰੌਸ਼ਨੀ ਵਿੱਚ ਸ਼ਬਦ ਗੁਰੂ ਨਾਲ ਸੰਗਤ ਨੂੰ ਜੋੜਦਾ ਹੋਵੇ ਕਦੇ ਵੀ ਸਾਡੀ ਸਟੇਜ਼ ਤੋਂ ਆਪਣੇ ਵਿਚਾਰ ਰੱਖ ਸਕਦਾ ਹੈ।

ਇਸ ਮੌਕੇ ਪੀਸੀਏ ਮੈਂਬਰ ਸੁਖਬੀਰ ਸਿੰਘ ਭੰਡਾਲ ਨੇ ਕਿਹਾ ਕਿ ਜਿਹੜਾ ਵੀ ਪ੍ਰਚਾਰਕ ਗੁਰਬਾਣੀ ਦੀ ਰੌਸ਼ਨੀ ਵਿੱਚ ਸਿੱਖ ਕੌਮ ਨੂੰ ਜਾਗੁਰਕ ਕਰਨ ਦੀ ਕੋਸ਼ਿਸ਼ ਕਰੇਗਾ, ਉਸਨੂੰ ਇਸ ਤਰਾਂ ਦੀ ਵਿਰੋਧਤਾ ਦਾ ਸਾਹਮਣਾ ਕਰਨਾ ਪਵੇਗਾ। ਉਹਨਾਂ ਕਿਹਾ ਕਿ ਇਸ ਸਮੇਂ ਇੱਕ ਸੋਚ ਵਾਲੇ ਸਮੂਹ ਪ੍ਰਚਾਰਕ ਚਾਹੇ ਉਹ ਮਿਸ਼ਨਰੀ ਹੋਣ, ਚਾਹੇ ਪੰਥ ਪ੍ਰੀਤ ਹੋਵੇ ਜਾਂ ਕੋਈ ਹੋਰ, ਸਭਨਾਂ ਨੂੰ ਅਗਲੇ ਪਿਛਲੇ ਵਿਵਾਦ ਭੁੱਲਕੇ ਢੱਡਰੀਆਂ ਵਾਲੇ ਦੇ ਹੱਕ ਵਿੱਚ ਡਟਣਾ ਚਾਹੀਦਾ ਹੈ ਨਹੀਂ ਫੇਰ ਸਭ ਸੱਚ ਤੇ ਪਹਿਰਾ ਦੇਣ ਵਾਲੇ ਪ੍ਰਚਾਰਿਕ ਇਸ ਵਰਤਾਰੇ ਦਾ ਸ਼ਿਕਾਰ ਹੋਣ ਲਈ ਤਿਆਰ ਰਹਿਣ। ਉਹਨਾਂ ਕਿਹਾ ਕਿ ਅਸੀਂ ਸਭ ਵੰਡੀਆਂ ਤੋਂ ਉੱਪਰ ਉੱਠਕੇ ਭਾਈ ਰਣਜੀਤ ਸਿੰਘ ਢੱਡਰੀਆਂ ਵਾਲ਼ਿਆ ਦੀ ਹਮਾਇਤ ਕਰਦੇ ਹਾਂ, ਅਤੇ ਡੇਰੇਦਾਰਾਂ ਦੇ ਖ਼ਿਲਾਫ਼ ਉਹਨਾਂ ਦਾ ਇਸ ਮੁਹਿੰਮ ਵਿੱਚ ਡਟਕੇ ਸਾਥ ਦੇਣ ਦਾ ਐਲਾਨ ਕਰਦੇ ਹਾਂ, ਅਤੇ ਆਉਣ ਵਾਲੇ ਭਵਿੱਖ ਵਿੱਚ ਜਦੋਂ ਵੀ ਉਹ ਅਮਰੀਕਾ ਦੀ ਧਰਤੀ ਤੇ ਆਉਂਦੇ ਹਨ ਤਾਂ ਫਰਿਜ਼ਨੋ ਵਿੱਖੇ ਅਸੀਂ ਗੁਰਦਵਾਰਾ ਸਿੰਘ ਸਭਾ ਵਿਖੇ ਉਹਨਾਂ ਦੇ ਦੀਵਾਨ ਕਰਵਾਉਣ ਦਾ ਅਹਿਦ ਵੀ ਕਰਦੇ ਹਾਂ। ਇਸ ਮੌਕੇ ਉਹਨਾਂ ਢੱਡਰੀਆਂ ਵਾਲ਼ਿਆ ਵੱਲੋਂ ਦੀਵਾਨ ਬੰਦ ਕਰਨ ਨੂੰ ਸਿੱਖ ਕੌਮ ਲਈ ਮੰਦਭਾਗਾ ਦੱਸਿਆ, ਅਤੇ ਉਹਨਾਂ ਅਖੀਰ ਵਿੱਚ ਫਰੀਡਮ ਆਫ ਸਪੀਚ (ਬੋਲਣ ਦੀ ਅਜ਼ਾਦੀ) ਦਾ ਹਵਾਲਾ ਦੇਕੇ ਕਿਹਾ ਕਿ ਹਰ ਕਿਸੇ ਦੇ ਵਿਚਾਰ ਵੱਖੋ ਵੱਖ ਹੋ ਸਕਦੇ ਹਨ, ਇਸਦਾ ਇਹ ਮਤਲਬ ਨਹੀਂ ਕਿ ਅਸੀਂ ਕਿਸੇ ਦੇ ਦੀਵਾਨ ਹੀ ਬੰਦ ਕਰ ਦੇਈਏ। ਉਹਨਾਂ ਦਮਦਮੀ ਟਕਸਾਲ ਅਤੇ ਅਕਾਲ ਤਖਤ ਸਹਿਬ ਦੇ ਜਥੇਦਾਰ ਨੂੰ ਕੂੜ੍ਹ ਦਾ ਪੱਲ੍ਹਾ ਛੱਡਕੇ ਗੁਰਬਾਣੀ ਦੇ ਅਧਾਰ ਤੇ ਸਭਨਾਂ ਗੁਰੂ ਘਰਾਂ ਵਿੱਚ ਇੱਕ ਸਿਲੇਬਸ ਲਾਗੂ ਕਰਨ ਲਈ ਦੀ ਗੱਲ ਕਹੀ ਅਤੇ ਕਿਹਾ ਕਿ ਆਓ ਆਪਾਂ ਸਾਰੇ ਪਖੰਡ ਤੋਂ ਉੱਪਰ ਉੱਠਕੇ ਗੁਰੂ ਉਪਦੇਸ਼ ਤੇ ਪਹਿਰਾ ਦਿੰਦੇ ਹੋਏ ਡੇਰੇਦਾਰਾਂ ਦੇ ਚੁੰਗਲ ਤੋਂ ਸਿੱਖ ਕੌਮ ਨੂੰ ਅਜ਼ਾਦ ਕਰਵਾਈਏ ਅਤੇ ਸਿੱਖ ਕੌਮ ਵਿੱਚ ਪਈਆਂ ਵੰਡੀਆਂ ਨੂੰ ਮਿਟਾਈਏ।

Postal Address of Desh Doaba : 5101 Doe Hollow Pl, Antelope, CA. 95843

The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਯੂਨਾਈਟਿਡ ਚੀਫ਼ ਐਂਟੋਨੀਓ ਗੁਟਰੇਸ ਦੇ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦੌਰੇ ਦੀ ਸ਼ਲਾਘਾ



**ਨਿਊਯਾਰਕ (ਹੁਸਨ ਲੜੋਆ ਬੰਗਾ)-** ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ (ਏਜੀਪੀਸੀ) ਅਤੇ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਰਟ ਨੇ ਅੱਜ ਇੱਥੇ ਇਕ ਸਾਂਝੇ ਬਿਆਨ 'ਚ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਐਂਟੋਨੀਓ ਗੁਟਰੇਸ ਨੂੰ ਪਾਕਿਸਤਾਨ ਦੇ ਕਰਤਾਰਪੁਰ ਵਿਖੇ ਸਿੱਖ ਧਰਮ ਦੇ ਇਕ ਪਵਿੱਤਰ ਅਸਥਾਨ ਗੁਰਦੁਆਰਾ ਦਰਬਾਰ ਸਾਹਿਬ (ਸ੍ਰੀ ਕਰਤਾਰਪੁਰ ਸਾਹਿਬ) ਵਿਖੇ ਜਾਣ ਲਈ ਤਹਿ ਦਿਲੋਂ ਧੰਨਵਾਦ ਕੀਤਾ। ਏਜੀਪੀਸੀ ਦੇ ਮੁੱਖੀ ਜਸਵੰਤ ਸਿੰਘ ਹੋਠੀ ਅਤੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਅਤੇ ਈਸਟ ਕੋਸਟ ਦੇ ਕੋਆਰਡੀਨੇਟਰ ਹਿੰਮਤ ਸਿੰਘ ਨੇ ਆਪਣੇ ਸਾਂਝੇ ਬਿਆਨ 'ਚ ਕਿਹਾ ਕਿ "ਸੰਯੁਕਤ ਰਾਸ਼ਟਰ ਦੇ ਮੁਖੀ ਦੀ ਫ਼ੇਰੀ 500 ਸਾਲ ਤੋਂ ਵਧੇਰੇ ਸਮੇਂ ਪਹਿਲਾਂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਿੱਤੇ ਗਏ ਸ਼ਾਂਤੀ, ਸਮਾਨਤਾ ਅਤੇ ਅੰਤਰ-ਪੱਖੀ ਸਦਭਾਵਨਾ ਦੇ ਸੰਦੇਸ਼ ਦੇ ਸਤਿਕਾਰ 'ਚ ਹੈ। ਯੂ. ਐਸ. ਦੇ ਸਿੱਖ ਨੇਤਾਵਾਂ ਨੇ ਯੂ. ਐਨ. ਦੇ ਮੁੱਖੀ ਦੀ ਇਸ ਟਿੱਪਣੀ ਦਾ ਸਵਾਗਤ ਕੀਤਾ ਕਿ ਕਰਤਾਰਪੁਰ ਲਾਂਘਾ ਖੋਲਣਾ ਪ੍ਰਮਾਣੂ ਸ਼ਕਤੀਆਂ ਭਰਪੂਰ ਪਾਕਿਸਤਾਨ ਅਤੇ ਭਾਰਤ ਵੱਲੋਂ ਅੰਤਰਰਾਸ਼ਟਰੀ ਸ਼ਾਂਤੀ ਅਤੇ ਸਦਭਾਵਨਾ ਲਈ ਇੱਛਾ ਦਾ ਪ੍ਰਤੱਖ ਸਬੂਤ ਹੈ। ਉਨਾਂ ਇਹ ਵੀ ਕਿਹਾ ਕਿ ਇਸ ਲਾਂਘੇ ਦੇ ਉਦਘਾਟਨ ਨਾਲ ਦੋਵਾਂ ਪੰਜਾਬਾਂ ਦੇ ਲੋਕਾਂ 'ਚ ਸਦਭਾਵਨਾ ਵਧੇਗੀ, ਜਿਹੜੇ ਇਕੋ ਸੱਭਿਆਚਾਰ ਅਤੇ ਮਾਂ ਬੋਲੀ ਪੰਜਾਬੀ ਦੇ ਸਾਂਝੇ ਹਨ। ਜ਼ਿਕਰਯੋਗ ਹੈ ਕਿ ਸਿੱਖ ਸ਼ਰਧਾਲੂਆਂ ਲਈ 4 ਕਿਲੋਮੀਟਰ ਲੰਬੇ ਕਰਤਾਰਪੁਰ ਲਾਂਘੇ ਦੀ ਯਾਤਰਾ ਲਈ ਵੀਜ਼ਾ ਮੁਕਤ ਯਾਤਰਾ ਮੁਹੱਈਆ ਕਰਵਾਉਣ ਲਈ ਭਾਰਤੀ ਪੰਜਾਬ ਦੇ ਗੁਰਦਾਸਪੁਰ ਜ਼ਿਲੇ ਦੇ ਡੇਰਾ ਬਾਬਾ ਨਾਨਕ ਕਸਬੇ ਤੋਂ ਪਾਕਿਸਤਾਨ ਦੇ ਇਤਿਹਾਸਕ ਅਸਥਾਨ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ, ਕਰਤਾਰਪੁਰ ਤੱਕ ਬਣਾਇਆ ਗਿਆ ਹੈ। ਇਸ ਦਾ ਉਦਘਾਟਨ ਪਿਛਲੇ ਸਾਲ 9 ਨਵੰਬਰ ਨੂੰ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਨ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਕੀਤਾ ਗਿਆ ਸੀ, ਜਿਸ ਨਾਲ ਸਿੱਖ ਧਰਮ ਦੇ ਸੰਸਥਾਪਕ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਜਨਮ ਦਿਵਸ ਨਾਲ ਜੁੜੇ ਸਮਾਰੋਹ ਦੀ ਸਮਾਪਤੀ ਕੀਤੀ ਜਾ ਰਹੀ ਸੀ। ਗੁਰੂ ਨਾਨਕ ਦੇਵ ਜੀ ਦਾ ਅੰਤਿਮ ਜੀਵਨ ਅਸਥਾਨ ਗੁਰਦੁਆਰਾ ਦਰਬਾਰ ਸਾਹਿਬ ਪਾਕਿਸਤਾਨੀ ਪੰਜਾਬ ਦੇ ਨਾਰੋਵਾਲ ਜ਼ਿਲੇ ਵਿਖੇ ਰਾਵੀ ਨਦੀ ਦੇ ਕਿਨਾਰੇ ਸਥਿਤ ਹੈ। ਇਹ ਲਾਹੌਰ ਤੋਂ ਲਗਭਗ 125 ਕਿਲੋਮੀਟਰ ਦੀ ਦੂਰੀ 'ਤੇ ਹੈ।

# ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ (ਰਜਿ.) ਵਲੋਂ ਮਾਸਿਕ ਇਕੱਤਰਤਾ ਅਤੇ ਕਵੀ ਦਰਬਾਰ







**ਸੈਕਰਾਮੈਂਟੋ-** ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ (ਰਜਿ.) ਵਲੋਂ ਆਪਣੀ ਮਾਸਿਕ ਇਕੱਤਰਤਾ ਅਤੇ ਕਵੀ ਦਰਵਾਰ, ਐਤਵਾਰ 23 ਫਰਵਰੀ 2020 ਬਾਅਦ ਦੁਪਹਿਰ ਕਬਾਬ ਕੱਾਰਨਰ, ਵੈਂਸਟ ਸੈਕਰਾਮੈਂਟੋ ਵਿਖੇ ਕੀਤਾ ਗਿਆ! ਸੈਕਰਾਮੈਂਟੋ ਅਤੇ ਆਸ ਪਾਸ ਦੇ ਇਥੌਂ ਤੱਕ ਕਿ ਬੇਅ ਏਰੀਆ ਤੌਂ ਵੀ ਕਈ ਮਾਂ ਬੋਲੀ ਪੰਜਾਬੀ ਦੇ ਮੁਦੱਈਆਂ ਨੇ ਇਸ ਪਰੋਗਰਾਮ ਵਿੱਚ ਸ਼ਿਰਕਤ ਕੀਤੀ!

ਪਰੋਗਰਾਮ ਦੇ ਸ਼ੁਰੂ ਵਿੱਚ ਜਨਰਲ ਕੱਤਰ ਜੋਤੀ ਸਿੰਘ ਜੀ ਨੇ ਸਟੇਜ ਦੀ ਸੇਵਾ ਨਿਭਾਉਂਦੇ ਹੋਏ ਪਹੁੰਚੇ ਹੋਏ ਸਾਹਿਤਕਾਰਾਂ ਦਾ ਸਵਾਗਤ ਅਤੇ ਜੀ ਆਇਆਂ ਨੂੰ ਕਹਿਣ ਲਈ ਪ੍ਰਧਾਨ ਇੰਦਰਜੀਤ ਸਿੰਘ ਗਰੇਵਾਲ ਨੂੰ ਸੱਦਾ ਦਿੱਤਾ! ਅਤੇ ਉਹਨਾਂ ਨੇ ਸਭ ਨੂੰ ਇੱਕ ਮਿੰਟ ਦਾ ਮੋਨ ਧਾਰਕੇ, ਸਵਰਗਵਾਸੀ ਗਾਇਕਾ ਲਾਚੀ ਬਾਵਾ, ਸਾਹਿਤਕਾਰ ਦਲਵੀਰ ਸਿੰਘ ਅਤੇ ਸਭਾ ਦੇ ਮੁੱਖ ਸਲਾਹਕਾਰ ਦਿਲ ਨਿੱਜਰ ਦੇ ਜੀਜਾ ਜੀ ਡਾ. ਬਲਰਾਜਵੀਰ ਸਿੰਘ ਸੰਧੂ ਜੀ ਦੀਆਂ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਦਿੱਤੀ! ਮਨਜੀਤ ਸੇਖੋਂ, ਮਨਰੀਤ ਗਰੇਵਾਲ ਸਿੱਧੂ, ਚਰਨਜੀਤ ਕੌਰ ਅਤੇ ਰਾਜਵੀਰ ਪੈਂਟਲ ਜੀ ਨੇ ਮਿੰਨੀ ਕਹਾਣੀਆਂ ਪੜੀਆਂ! ਸਭਾ ਦੀ ਇਸ ਇਕੱਤਰਤਾ ਵਿੱਚ ਬਹੁਤ ਹੀ ਪ੍ਰਸਿੱਧ ਗਾਇਕਾ ਮਨਿੰਦਰ ਦਿਉਲ ਮਾਨ ਅਤੇ ਗੀਤਕਾਰ ਸੰਨੀ ਮਾਨ ਵਿਸ਼ੇਸ਼ ਤੌਰ ਤੇ ਪਹੁੰਚੇ, ਜਿਥੇ ਸਭਾ ਵਲੌਂ ਪ੍ਰਧਾਨ ਇੰਦਰਜੀਤ ਸਿੰਘ ਗਰੇਵਾਲ ਉੱਪ ਪ੍ਰਧਾਨ ਕਮਲ ਬੰਗਾ, ਜਨਰਲ ਸਕੱਤਰ ਜੋਤੀ ਸਿੰਘ ਅਤੇ ਸੀਨੀਅਰ ਮੈਂਬਰ ਰਾਠੇਸ਼ਵਰ ਸਿੰਘ ਸੂਰਾਪੁਰੀ ਜੀ ਨੇ ਇਸ ਮਾਨ ਜੋੜੀ ਨੂੰ ਸਭਾ ਦਾ ਸਨਮਾਨ ਚਿੰਨ ਦੇ ਕੇ ਸਨਮਾਨਿਆ!

ਚਾਹ ਪਾਣੀ ਪਕੌੜੇ ਅਤੇ ਹਲਵਾ ਖਾਣ ਪੀਣ ਦੇ ਨਾਲ ਨਾਲ ਕਵੀ ਦਰਵਾਰ ਅਰੰਭ ਕੀਤਾ ਗਿਆ, ਜਿਸ ਵਿੱਚ ਇੱਕ ਤੋਂ ਇੱਕ ਵੱਧਕੇ ਫਨਕਾਰ ਨੇ ਆਪਣੇ ਹੁਨਰ ਦਾ ਰੰਗ ਵਿਖਾਇਆ!

ਪੰਜਾਬੀ ਫੋਕ ਗੀਤ , ਗਜਲਾਂ , ਕਵਿਤਾਵਾਂ ਦੇ ਨਾਲ ਨਾਲ ਉਰਦੂ ਅਤੇ ਹਿੰਦੀ ਦੇ ਗੀਤਾਂ ਦਾ ਵੀ ਅਨੰਦ ਮਾਣਿਆ ਗਿਆ! ਹਾਸਰਸ ਗੀਤਾਂ ਨਾਲ ਵੀ ਮਹਿਫਲ ਵਿੱਚ ਹਾਸੇ ਵਿਖੇਰੇ ਗਏ! ਜਿਹਨਾਂ ਹਾਜਰ ਕਵੀਆਂ, ਗਾਇਕਾਂ ਨੇ ਹਿੱਸਾ ਲਿਆ ਉਹਨਾਂ ਦੇ ਨਾਮ ਇਸ ਪ੍ਰਕਾਰ ਹਨ- ਕਮਲ ਬੰਗਾ, ਮਨਰੀਤ ਗਰੇਵਾਲ ਸਿੱਧੂ, ਸੰਨੀ ਮਾਨ, ਮਨਿੰਦਰ ਦਿਉਲ ਮਾਨ, ਤਰਲੋਕ ਸਿੰਘ, ਰਾਠੇਸ਼ਵਰ ਸਿੰਘ ਸੂਰਾਪੁਰੀ, ਇੰਦਰਜੀਤ ਸਿਘ ਗਰੇਵਾਲ ਥਰੀਕੇ, ਚਰਨਜੀਤ ਸਿੰਘ ਗਰੇਵਾਲ, ਚਰਨਜੀਤ ਕੌਰ, ਜੋਤੀ ਸਿੰਘ, ਜਸਵੰਤ ਸ਼ੀਮਾਰ, ਜਸ ਫਿਜਾ, ਮਨਜੀਤ ਕੌਰ ਸੇਖੋਂ, ਗੁਰਪਾਲ ਸਿੰਘ ਖਹਿਰਾ, ਬਿੱਕਰਮ ਸਿੰਘ ਮਾਨ ,ਬਲਜੀਤ ਕੌਰ ਸੋਹੀ, ਬੀਬੀ ਜੁਗਿੰਦਰ ਕੌਰ, ਮਕਸੂਦ ਅਲੀ, ਸਰਬਜੋਤ ਕੌਰ, ਰਾਜਵੀਰ ਪੈਂਟਲ, ਸੁਦਰਸ਼ਨ ਪੈਂਟਲ, ਸੁਰਿੰਦਰ ਕੌਰ ਅਤੇ ਸਰੋਤਿਆਂ ਵਿੱਚ ਜਗਰੂਪ ਸਿੰਘ ਮਾਂਗਟ,ਰਜਿੰਦਰ ਕੌਰ ਮਾਂਗਟ, ਹਰਜੀਤ ਸਿੰਘ ਸਿੱਧੂ, ਰਮਨਜੀਤ ਕੌਰ, ਅਨੂੰ ਪੈਂਟਲ, ਸ਼ੰਮੀ ਬੱਗਾ, ਅਮਨ ਬੱਗਾ, ਕਿਸ਼ੂ ਬੱਗਾ, ਸੁਰਵੀਨ ਕੌਰ, ਜਤਿੰਦਰ ਢਿੱਲੋਂ, ਕੈਈਜ਼ਰ ਸਹਿਯਾਦ, ਜੱਸੀ ਕੌਰ, ਮਨਪ੍ਰੀਤ ਭਾਟੀਆ, ਪ੍ਰੀਤਮ ਕੌਰ ਭਾਟੀਆ, ਸੁਰਿੰਦਰ ਬਰਾੜ, ਪਰੀਤਮ ਸਿੰਘ, ਮੋਹਿੰਦਰ ਕੌਰ, ਮਨਰੀਤ ਕੌਰ ਆਦਿ ਸਨ! ਫੋਟੋਜ ਅਤੇ ਵੀਡੀਓਜ ਦੀ ਸੇਵਾ ਜਤਿੰਦਰ ਸਿੰਘ ਢਿੱਲੌਂ ਜੀ ਨੇ ਨਿਭਾਈ!

ਮਹਿਫਿਲ ਦੇ ਅਖੀਰ ਵਿੱਚ ਸਾਰੇ ਹਾਜਰ ਪੰਜਾਬੀ ਮਾਂ ਬੋਲੀ ਦੇ ਪਿਆਰਿਆਂ ਨੇ ਰਾਤ ਦਾ ਭੋਜਨ ਕਬਾਬ ਕਾਰਨਰ ਦੇ ਸੁਆਦਲੇ ਪਕਵਾਨਾਂ ਨਾਲ ਕੀਤਾ ਅਤੇ ਅਗਲੇ ਮਹੀਨੇ ਭਾਵ ਮਾਰਚ 29 ਦੀ ਮੀਟਿੰਗ ਤੇ ਇਕੱਠੇ ਹੋਣ ਦੇ ਵਾਅਦੇ ਅਤੇ ਚਾਅ ਨਾਲ ਵਿਦਾ ਲਈ।

Law Office of
NIRWAN & ASSOCIATES



www.nirwanlaw.com

Business Incorporation
Articles of Incorp
Dissolution
501 © Non-Profit

Jagdip S. Nirwan, Esq
916-832-3144

IMMIGRATION LAW
* Adjustment of Status
* Citizenship
* Employment
* Appeals-1J/
* Family & Finance Visa
* Board /Federal Ct
* Labor Certification
* Asylum
* Removal & Deportation Defense

TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020

1104 Corporate Way Sacramento, CA 95831

A & S
Auto Repair & Services
Specializing in Brakes & Axles
Mon-Fri 9:00 AM to 6:00 PM
Saturday 9:00 AM to 5:00 PM
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics





Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu

# ਵਿਪਸਾ ਕੈਲੀਫੋਰਨੀਆ ਵਲੋਂ ਅੰਤਰ-ਰਾਸ਼ਟਰੀ ਮਾਤ ਭਾਸ਼ਾ ਦਿਵਸ ਅਧੀਨ ਮਾਂ ਬੋਲੀ ਪੰਜਾਬੀ ਨੂੰ ਸਮਰਪਿਤ ਅਰਥ-ਭਰਪੂਰ ਇਕੱਤਰਤਾ










**ਨਿਊਵਰਕ-** ਬੀਤੇ ਐਤਵਾਰ ਮੁਲਾਕਾਤ ਹਾਲ, ਨਿਊਵਰਕ ਵਿਖੇ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ, ਕੈਲੀਫੋਰਨੀਆ ਦੀ ਮਾਸਿਕ ਬੈਠਕ ਨੇ ਇਕ ਨਿਵੇਕਲੀ ਨੁਹਾਰ ਵਿਚ ਪਰਵੇਸ਼ ਕੀਤਾ। ਵਿਪਸਾ ਦੀ ਜਨਰਲ ਸਕੱਤਰ ਲਾਜ ਨੀਲਮ ਸੈਣੀ ਨੇ ਜਿੱਥੇ ਸਵਾਗਤੀ ਸ਼ਬਦ ਪ੍ਰਸਤੁਤ ਕਰਦਿਆਂ ਡਾ. ਗੁਰੂਮੇਲ ਸਿੱਧੂ, ਪ੍ਰੋ. ਸੁਖਵਿੰਦਰ ਕੰਬੋਜ ਅਤੇ ਅਲਕਾ ਮਦਾਨ ਨੂੰ ਪ੍ਰਧਾਨਗੀ ਮੰਡਲ ਵਿਚ ਸ਼ਾਮਲ ਹੋਣ ਲਈ ਸੱਦਾ ਦਿੱਤਾ ਉੱਥੇ ਹੀ ਗੰਭੀਰਤਾ ਭਰਪੂਰ ਸ਼ੈਲੀ ਵਿਚ ਸਮੁੱਚੇ ਪੰਜਾਬੀ ਸਾਹਿਤ ਜਗਤ ਦੀਆਂ ਵਿਛੜੀਆਂ ਰੂਹਾਂ: ਜਸਵੰਤ ਸਿੰਘ ਕੰਵਲ, ਦਲੀਪ ਕੌਰ ਟਿਵਾਣਾ, ਸੁਰਜੀਤ ਹਾਂਸ ਅਤੇ ਇੰਦਰ ਸਿੰਘ ਖ਼ਾਮੋਸ਼ ਨੂੰ 2 ਮਿੰਟ ਖੜੋ ਕੇ ਸਾਂਝੀ ਅਰਦਾਸ ਰਾਹੀਂ ਸ਼ਰਧਾਂਜਲੀ ਦੇਣ ਲਈ ਬੇਨਤੀ ਕੀਤੀ।। ਇਸ ਮਗਰੋਂ ਸੁਰਿੰਦਰ ਸੀਰਤ ਨੇ ਇਸ ਬੈਠਕ ਦੇ ਕੀ-ਨੋਟ ਵਿਚ ਜਿੱਥੇ ਪੁੰਹਚੇ ਸਾਹਿਤਕਾਰਾਂ ਨੂੰ ਜੀ ਆਇਆਂ ਕਹਿੰਦੇ ਵਰਣਨ ਕੀਤਾ ਕਿ 21 ਫਰਵਰੀ ਅੰਤਰਰਾਸ਼ਟਰੀ ਮਾਤ-ਭਾਸ਼ਾ ਦਿਵਸ, ਵਰ੍ਹਾ 2000 ਤੋਂ ਹਰ 21-ਫਰਵਰੀ ਨੂੰ ਦੁਨੀਆਂ ਭਰ ਵਿਚ ਮਨਾਇਆ ਜਾਂਦਾ ਹੈ। ਇਸ ਦਾ ਮਹੱਤਵ ਇਹ ਹੈ ਕਿ ਹਰ ਬੇਦਾਰ ਕੌਮ ਨੂੰ ਉਸ ਦੀ ਮਾਤ ਭਾਸ਼ਾ ਹੀ ਪਛਾਣ ਦੇ ਨਾਲ ਨਾਲ ਸਹਾਨਭੂਤੀ ਬਖ਼ਸ਼ਦੀ ਹੈ ਤਾਂ ਜੋ ਉਹ ਆਪਣੇ ਸਾਹਿਤ, ਸਭਿਆਚਾਰ ਅਤੇ ਧਾਰਮਿਕ ਵਿਵੇਕ ਨਾਲ ਇਕਸੁਰ ਹੋ ਸਕੇ। ਸੀਰਤ ਨੇ ਵਿਪਸਾ ਵਲੋਂ ਪ੍ਰੋ. ਸੁਖਵਿੰਦਰ ਕੰਬੋਜ ਨੂੰ 23 ਜਨਵਰੀ ਨੂੰ ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ ਵਿਖੇ ਕਰਾਈ ਗਈ ਦੋ ਰੋਜ਼ਾ ਅੰਤਰ-ਰਾਸ਼ਟਰੀ ਕਾਨਫਰੰਸ ਵਿਚ ਪਹਿਲਾ ਸਰਵ-ਸ੍ਰੇਸ਼ਠ ਪਰਵਾਸੀ ਪੁਰਸਕਾਰ ਪ੍ਰਾਪਤ ਕਰਨ ਲਈ ਮੁਬਾਰਕ ਦਿੱਤੀ ਉੱਥੇ ਹੀ ਵਿਪਸਾ ਦਾ ਮਾਣ ਵਧਾਉਣ ਲਈ ਧੰਨਵਾਦ ਵੀ ਕੀਤਾ।

ਬੈਠਕ ਦੇ ਅਗਲੇ ਚਰਣ ਵਿਚ 'ਅੰਤਰ-ਰਾਸ਼ਟਰੀ ਮਦਰ ਲੈਂਗਵੇਜਜ਼ ਡੇ' ਨੂੰ ਸਮਰਪਿਤ ਮਾਂ ਬੋਲੀ ਪੰਜਾਬੀ ਦੇ ਸੰਬੰਧ ਵਿਚ ਹਰਜਿੰਦਰ ਕੰਗ ਵਲੋਂ ਪਰਚਾ, 'ਪੰਜਾਬੀ ਭਾਸ਼ਾ ਦਾ ਕੱਲ੍ਹ, ਅੱਜ ਤੇ ਕੱਲ੍ਹ' ਪ੍ਰਸਤੁਤ ਕੀਤਾ ਗਿਆ। ਪਰਚੇ ਦੀ ਗੰਭੀਰਤਾ, ਇਕ ਖੋਜ ਤੇ ਅਧਾਰਤ ਹੈ ਜਿਸ ਨੂੰ ਛੇਤੀ ਹੀ ਮੀਡੀਆ ਤੀਕ ਪੁਹੁੰਚਾਇਆ ਜਾਵੇਗਾ। ਪਰਚੇ ਅਨੁਸਾਰ ਪੰਜਾਬੀ ਨੂੰ ਹਰ ਦੌਰ ਵਿਚ ਬਚਾਉਣ ਦੀ ਜੱਦੋ ਜਹਿਦ ਹੁੰਦੀ ਰਹੀ ਹੈ। ਇਹ 'ਕੱਲ੍ਹ' ਪੰਜਾਬੀ ਦੀ ਜੱਦੋ ਜਹਿਦ ਦੇ ਨਾਲ ਨਾਲ ਇਸ ਦੀ ਅਮੀਰ ਵਿਰਾਸਤ ਦੀ ਗੱਲ ਕਰਦਾ ਹੈ।'ਅੱਜ' ਪ੍ਰਤੀ ਨਿਰਾਸ਼ਾਜਨਕ ਆਂਕੜੇ, ਸੂਝ, ਮਹੱਤਤਾ, ਗੰਭੀਰਤਾ ਜਿਹੇ ਤੱਥਾਂ ਪ੍ਰਤੀ ਚਿੰਤਾ ਦਾ ਵਿਸ਼ਾ ਹੈ। ਆਉਣ ਵਾਲਾ 'ਕੱਲ੍ਹ' ਇਕ ਚਨੌਤੀ ਵਜੋਂ ਸਨਮੁਖ ਹੈ। ਕੈਲੀਫੋਰਨੀਆਂ ਵਿਚ ਪਹਿਲੀਆਂ 10 ਬੋਲੀਆਂ ਜਾਣਵਾਲੀਆਂ ਭਾਸ਼ਾਵਾਂ ਵਿਚ ਪੰਜਾਬੀ ਸ਼ਾਮਿਲ ਹੈ। ਕੈਲੀਫੋਰਨੀਆਂ ਵਿਚ ਕਈਆਂ ਸਕੂਲਾਂ ਵਿਚ ਪੰਜਾਬੀ ਭਾਸ਼ਾ ਚੋਣਵੇਂ ਵਿਸ਼ੇ ਵਜੋਂ ਪੜ੍ਹਾਈ ਜਾ ਰਹੀ ਹੈ ਪਰ ਦੋ ਭਾਸ਼ਾਈ ਅਧਿਆਪਕਾਂ ਦੀ ਥੋੜ੍ਹ ਹੈ। ਭਾਵੇਂ ਗੁਰਦਵਾਰਿਆਂ ਵਿਚ ਹਜ਼ਾਰਾਂ ਬੱਚਿਆਂ ਨੂੰ ਪੰਜਾਬੀ ਪੜ੍ਹਾਈ ਜਾਂਦੀ ਹੈ ਪਰ ਉਹਨਾਂ ਬੱਚਿਆਂ ਨੂੰ ਪੰਜਾਬੀ ਬੋਲਣੀ/ਲਿਖਣੀ ਨਹੀਂ ਆਉਂਦੀ ਜਿਸ ਦਾ ਕਾਰਨ ਵੀ ਦੋ ਭਾਸ਼ਾਈ ਅਧਿਆਪਕਾਂ ਦੀ ਨਿਯੁਕਤੀ ਨਾ ਕਰਨ ਦੇ ਉਲਟ ਮੁਫਤ ਸੇਵਾ ਵਜੋਂ ਇਹ ਕਾਰਜ ਸਿਰੇ ਚਾੜ੍ਹਨਾ ਕਿਹਾ ਜਾ ਸਕਦਾ ਹੈ। ਪ੍ਰੋ. ਸੁਖਵਿੰਦਰ ਕੰਬੋਜ ਨੇ ਆਪਣੇ ਰੂ-ਬ-ਰੂ ਵਿਚ ਜਿੱਥੇ ਭਾਰਤ ਵਿਚ ਪਰਵਾਸੀ ਸਾਹਿਤ ਨੂੰ ਮਾਣ ਦਿੱਤੇ ਜਾਣ ਦੇ ਨਾਲ ਇਸ ਨੂੰ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਪਰਵਾਸੀ ਸਾਹਿਤ ਵਜੋਂ ਪੜ੍ਹਾਏ ਜਾਣ ਬਾਰੇ ਖ਼ੁਸ਼ੀ ਪ੍ਰਗਟਾਈ ਉੱਥੇ ਹੀ ਪੰਜਾਬੀ ਭਾਸ਼ਾ ਦੀ ਮੰਦਹਾਲੀ ਉੱਪਰ ਰੋਸ ਪ੍ਰਗਟਾਇਆ। ਉਹਨਾਂ ਦਸਿਆ ਕਿ ਮੱਧ-ਵਰਗ ਦੇ ਅਤੇ ਉੱਚ ਸ਼੍ਰੇਣੀ ਬੱਚੇ ਅੰਗਰੇਜ਼ੀ ਸਕੂਲਾਂ ਵਿਚ ਪੜ੍ਹ ਰਹੇ ਹਨ ਜਿੱਥੇ ਪੰਜਾਬੀ ਬੋਲਣੀ ਤਕ ਵਰਜਿਤ ਹੈ। ਬਸ ਗੋਰਮਿੰਟ ਸਕੂਲਾਂ ਵਿਚ ਹੀ ਬਾਹਰੋਂ ਆਏ ਬੱਚੇ ਪੰਜਾਬੀ ਪੜ੍ਹ ਰਹੇ ਹਨ। ਦੁੱਖ ਦੀ ਗੱਲ ਇਹ ਵੀ ਹੈ ਕਿ ਅੱਜ ਦੀ ਪੰਜਾਬੀ ਮਾਂ ਲਈ ਉਸ ਦੀ ਬੋਲੀ ਆਪਣੇ ਬੱਚਿਆਂ ਨੂੰ ਸਿਖਾਉਣੀ ਕੋਈ ਮਹੱਤਤਾ ਨਹੀਂ ਰਖਦੀ।

ਅਗਲੇ ਚਰਣ ਵਿਚ ਮਾਣਯੋਗ ਸਾਹਿਤਕਾਰ ਅਤੇ ਆਧੁਨਿਕ ਸ਼ਾਇਰੀ ਦੀ ਸਰਵੋਤਮ ਸ਼ਖ਼ਸੀਅਤ ਜਨਾਬ ਰਵਿੰਦਰ ਰਵੀ ( ਕੈਨੇਡਾ) ਦੀਆਂ ਵਿਪਸਾ ਨੂੰ ਪ੍ਰਾਪਤ ਤਿੰਨ ਸੱਜਰੀਆਂ ਪੁਸਤਕਾਂ ਨੂੰ ਲੋਕ ਅਰਪਣ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਪਹਿਲੀ ਪੁਸਤਕ,' ਮੇਰੇ ਕਾਵਿ ਨਾਟਕ-5 'ਜਿਸ ਵਿਚ ਪੰਜ ਕਾਵਿ ਨਾਟ', ਆਪੋ ਆਪਣੇ ਦਰਿਆ, ਹੋਂਦ ਨਿਹੋਂਦ, ਪਰਤੱਖ ਤੋਂ ਅਗਾਂਹ, ਭਰਮ-ਜਲ ਅਤੇ ਸਿਆਸੀ ਦੰਦ ਕਥਾ 'ਸ਼ਾਮਿਲ ਹਨ। ਦੂਜੀ ਪੁਸਤਕ, 'ਚੌਕ ਨਾਟਕ ਤੇ ਸਿਰਫ ਨਾਟਕ' ਅਤੇ ਤੀਸਰੀ ਪੁਸਤਕ ਨਿਰੋਲ ਕਾਵਿ ਸੰਗ੍ਰਹਿ, 'ਪਾਰ ਗਾਥਾ'ਹੈ। ਇਕ ਜਾਣਕਾਰੀ ਅਧੀਨ ਇਹ ਦਰਸਾਉਣਾ ਉਚਿਤ ਹੈ ਕਿ ਰਵਿੰਦਰ ਰਵੀ ਦੇ ਤਕਰੀਬਨ 16 ਕਾਵਿ ਨਾਟ ਗਲੋਬਲ ਸਤਰ ਤੇ ਮੰਚਨ ਕੀਤੇ ਗਏ ਹਨ।

NRIs said that it is quite relevant and helps NRIs with their property, fraud and matrimonial disputes. It is a common platform where NRI Sabha can help any NRI coming with any difficulty by taking up their cases with government, where various departments are involved. The Sabha takes up the matter with NRI DIG appointed by the Punjab government, respective NRI Police stations, etc…The Sabha also tries to sort out the matter in an amicable manner with the help of Punjab government officials. "We take up the applications of NRIs with the government immediately when we receive, but the delays are taking place at government level despite our repeated follow-up," said a member of NRI Sabha.

Even non-members can file a complaint. US-based North American Punjabi Association (NAPA) said that it can be made a great platform for Punjabi diaspora seeking speedy redressal of complaints.

----

ਅਪੀਲ
ਐਨ. ਆਰ. ਆਈ., ਸਭਾ ਪੰਜਾਬ
ਦੀ ਪ੍ਰਧਾਨਗੀ ਦੇ ਉਮੀਦਵਾਰ
NRI SABHA PUNJAB
ਪਾਲ ਸਹੋਤਾ




ਪੰਜਾਬੀ ਭਾਈਚਾਰੇ ਦੇ ਹਰਮਨਪਿਆਰੇ ਪ੍ਰਵਾਸੀ ਆਗੂ, ਉਘੇ ਸਮਾਜ
ਸੇਵੀ, ਸਫਲ ਬਿਜ਼ਨਸਮੈਨ, ਪ੍ਰਵਾਸੀ ਹਿੱਤਾਂ ਦੇ ਅਲੰਬਰਦਾਰ
ਸ. ਪਾਲ ਸਹੋਤਾ
ਨੂੰ ਆਪਣਾ ਕੀਮਤੀ ਵੋਟ ਪਾ ਕੇ ਕਾਮਯਾਬ ਕਰੋ। ਸ੍ਰੀ ਪਾਲ ਸਹੋਤਾ ਦੀ
ਕਾਮਯਾਬੀ ਪ੍ਰਵਾਸੀਆਂ ਦੇ ਨਵੇਂ ਯੁੱਗ ਦਾ ਆਗਾਜ਼ ਹੋਵੇਗੀ।

# 'ਭਾਈਆ ਯਾਰੀ ਨਿਭਾਈ'



ਦਲਬੀਰ ਸਿੰਘ
(ਪੱਤਰਕਾਰ)

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਸ਼ਰਮ ਵਾਲੀ ਗੱਲ ਇਹ ਹੈ ਕਿ ਜਿਥੇ ਹਰਿਆਣਾ ਅਤੇ ਹਿਮਾਚਲ ਵਿਚ ਅੱਜ ਮੱਲ ਢੋਣ ਵਾਲਿਆਂ ਦੀ ਗਿਣਤੀ ਦੋ ਅੱਖਰਾਂ ਵਿਚ ਹੈ, ਉਥੇ ਪੰਜਾਬ ਵਿਚ ਇਨ੍ਹਾਂ ਦੀ ਗਿਣਤੀ ਗਿਆਰਾਂ ਲੱਖ ਤੋਂ ਵੱਧ ਹੈ। ਇਸ ਨੂੰ ਅਸੀਂ ਕਹਿੰਦੇ ਹਾਂ_ਗੁਰੂਆਂ ਅਤੇ ਰਿਸ਼ੀਆਂ ਮੁਨੀਆਂ ਦੀ ਧਰਤੀ।

ਨੇੜ ਪਿਛੋਕੜ ਵਿਚ ਮਾਸਟਰ ਤਾਰਾ ਸਿੰਘ, ਸੰਤ ਫਤਹਿ ਸਿੰਘ ਆਦਿ ਸਿੱਖਾਂ ਦੇ ਆਗੂ ਸਨ। ਮੇਰੀ ਨਜ਼ਰ ਵਿਚ ਇਸ ਕੋਹੜ ਨੂੰ ਮਿਟਾਉਣ ਲਈ ਉਨ੍ਹਾਂ ਦੀ ਦੁੱਕੀ ਦੀ ਵੀ ਦੇਣ ਨਹੀਂ। ਬਾਕੀ ਸਾਧਾਂ ਅਤੇ ਪੁਜਾਰੀਆਂ ਦੀਆਂ ਹੇੜ੍ਹਾਂ ਦੀ ਤਾਂ ਗੱਲ ਹੀ ਛੱਡੋ। ਦਮਦਮੀ ਟਕਸਾਲ ਦੀ ਵੀ ਇਸ ਲੜੀ ਵਿੱਚ ਕੋਈ ਦੇਣ ਨਹੀਂ। ਉਲਟਾ ਇਹਨਾਂ ਨੇ ਤਾਂ ਆਪਣੇ ਆਪ ਨੂੰ ਛੂਤਛਾਤ ਤੋਂ ਬਚਣ ਲਈ ਬ੍ਰਾਹਮਣਵਾਦੀ ਵਰਤਾਰੇ ਵਿੱਚ ਲਪੇਟਿਆ ਹੋਇਆ ਹੈ। ਗੁਰਧਾਮਾਂ ਅੰਦਰ ਵੀ ਇਨ੍ਹਾਂ ਦੀ ਹੀ ਬ੍ਰਾਹਮਣਵਾਦੀ ਮਰਿਆਦਾ ਚੱਲਦੀ ਹੈ। ਜਦੋਂ ਸਿਖਾਂ ਦੇ ਮੂਰਖ ਜਿਹੇ ਆਗੂ ਆਪਣੇ ਭਾਈਚਾਰੇ ਨੂੰ ਇਕ ਵਖਰੀ ਤੇ ਨਿਆਰੀ ਕੌਮ ਕਹਿ ਕੇ ਵਡਿਆਉਂਦੇ ਹਨ ਤਾਂ ਸ਼ਰਮ ਆਉਂਦੀ ਹੈ।

ਚੇਤੇ ਰਹੇ ਕਿ ਦਲਿਤਾਂ ਦੇ ਮਹਾਨ ਆਗੂ ਸ੍ਰੀ ਬੀ. ਆਰ. ਅੰਬੇਡਕਰ ਜਦ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਾਨਤਾ ਸਮਝ ਕੇ ਸਿਖ ਆਗੂਆਂ ਪਾਸ ਸਿੱਖ ਸਮਾਜ ਦਾ ਹਿੱਸਾ ਬਣਨ ਲਈ ਆਏ ਤਾਂ ਇਨ੍ਹਾਂ ਹੈਂਕੜਬਾਜ਼ ਮੂਰਖਾਂ ਨੂੰ ਇਹ ਡਰ ਲੱਗਾ ਕਿ ਜੇ ਦਲਿਤਾਂ ਦੀ ਗਿਣਤੀ ਵਧ ਗਈ ਤਾਂ ਸਾਰੇ ਗੁਰਦੁਆਰਿਆਂ ਉਤੇ ਦਲਿਤ ਕਾਬਜ਼ ਹੋ ਜਾਣਗੇ। ਨਤੀਜੇ ਵਜੋਂ ਅੰਬੇਡਕਰ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਬੁਧ ਧਰਮ ਧਾਰਨ ਕਰਨਾ ਪਿਆ। ਪੰਜਾਬ ਦੇ ਮਹਾਨ ਦਲਿਤ ਆਗੂ ਸ੍ਰੀ ਕਾਂਸ਼ੀ ਰਾਮ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਤੇ ਸਾਰੇ ਦਲਿਤਾਂ ਦਾ ਇਸ਼ਟ ਮੰਨਦੇ ਸਨ। ਭਾਰਤੀ ਪਾਰਲੀਮੈਂਟ ਅੰਦਰ ਉਨ੍ਹਾਂ ਦਾ ਭਾਸ਼ਣ ਸੀ ਕਿ ਅਨੰਦਪੁਰ ਸਾਹਿਬ ਦੀ ਧਰਤੀ ਨੇੜੇ ਦੇ ਵਸਨੀਕ ਹੋਣ ਕਾਰਨ ਉਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਘੋੜਿਆਂ ਦੀਆਂ ਟਾਪਾਂ ਅਜੇ ਵੀ ਸੁਣਦੀਆਂ ਹਨ। ਪਰ ਸਿੱਖ ਰਾਜਨੀਤਕਾਂ ਨੇ ਉਨ੍ਹਾਂ ਨੂੰ ਨੇੜੇ ਨਹੀਂ ਆਉਣ ਦਿੱਤਾ। ਨਤੀਜਾ ਸੀ ਯੂ. ਪੀ. ਵਿੱਚ ਬੀਬੀ ਮਾਇਆਵਤੀ ਦੀ ਉਪਜ।

'ਸਾਕਾ ਨੀਲਾ ਤਾਰਾ' ਹੰਢਾਉਣ ਪਿਛੋਂ ਜਦ ਮੈਂ ਅਮਰੀਕਾ ਗਿਆ, ਤਾਂ ਉਥੋਂ ਦੇ ਕਾਹਲੀ ਨਾਲ ਮਿਲਣ ਵਾਲੇ ਸਾਥੀਆਂ ਤੇ ਸੱਜਣਾਂ ਵੱਲੋਂ ਇਹ ਵਿਉਂਤ ਦਰਸਾਈ ਗਈ, ਕਿ ਉਹ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ ਦੀ ਆਦਮ ਕਦ ਕਾਂਸੀ ਦੀ ਪ੍ਰਤਿਮਾ ਉਥੋਂ ਦੇ ਇਤਿਹਾਸਕ ਗੁਰਧਾਮ ਦੇ ਸਨਮੁਖ ਸੁਸ਼ੋਭਿਤ ਕਰਨਾ ਲੋਚਦੇ ਸਨ। ਸਥਾਨਕ ਪ੍ਰਬੰਧਕ ਕਮੇਟੀ ਦੀ ਇਸ ਸਬੰਧ ਵਿਚ ਸੱਦੀ ਗਈ ਮੀਟਿੰਗ ਵਿਚ ਜਦ ਹਾਜ਼ਰੀ ਅਧੂਰੀ ਰਹੀ, ਤਾਂ ਇਕ ਪ੍ਰਬੰਧਕ ਨੇ ਦੱਸਿਆ ਕਿ ਕਮੇਟੀ ਵਿਚ ਕੁਝ ਅਜਿਹੇ ਸੱਜਣ ਹਨ, ਜੋ ਨਸ਼ਿਆਂ ਦੀ ਤਸਕਰੀ ਦੇ ਕੇਸਾਂ ਵਿਚ ਫਸੇ ਹੋਏ ਨੇ। ਨਤੀਜੇ ਵਜੋਂ ਉਪਰੋਕਤ ਵਿਉਂਤ ਦਮ ਤੋੜ ਗਈ। ਇਹ ਹੈ ਸਿੱਖ ਕੌਮ?

ਫੇਸਬੁਕ ਉਤੇ ਦਿਤੀ ਗਈ ਇਕ ਜਾਣਕਾਰੀ ਅਨੁਸਾਰ : ਅਮਰੀਕਨ ਲੇਖਕ, ਇਤਿਹਾਸਕਾਰ, ਜਰਨਲਿਸਟ ਤੇ ਲੈਕਚਰਾਰ ਵੈਬਸਟਰ ਟਾਰਪਲੇ ਦਾ ਕਹਿਣਾ ਹੈ ਕਿ "ਸਿਖ ਧਾਰਮਿਕ ਸੰਸਥਾ ਸ੍ਰੀ ਅਕਾਲ ਤਖਤ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਭਾਰਤੀ ਖੁਫੀਆ ਏਜੰਸੀਆਂ ਦੇ ਕੰਟਰੋਲ ਅਧੀਨ ਹਨ। ਇਹ ਸੰਸਥਾਵਾਂ ਚਲਾਉਣ ਵਾਲੇ ਜਾਂ ਤਾਂ ਆਰ.ਐਸ.ਐਸ. ਦੇ ਜਾਂ ਖੁਫੀਆ ਏਜੰਸੀਆਂ ਦੇ ਤਨਖਾਹਦਾਰ ਹਨ। ਬਾਦਲ ਹਕੂਮਤ ਤੇ ਆਰ.ਐਸ.ਐਸ.-ਬੀ.ਜੇ.ਪੀ ਨੇ 2004 ਵਿਚ ਇਕ ਅਪਵਿਤਰ ਸਕੀਮ ਤਿਆਰ ਕੀਤੀ। ਜਿਸ ਅਧੀਨ ਅਫਗਾਨਿਸਤਾਨ ਤੋਂ ਆਉਣ ਵਾਲੀ ਡਰੱਗ ਲਈ ਅੰਮ੍ਰਿਤਸਰ ਨੂੰ ਚੈੱਕ ਪੁਆਇੰਟ ਬਣਾਇਆ ਗਿਆ। ਇਥੋਂ ਇਹ ਨਸ਼ੀਲੇ ਪਦਾਰਥ ਯੂਰਪ ਤੇ ਅਮਰੀਕਾ ਪਹੁੰਚਾਏ ਜਾਂਦੇ ਹਨ। ਕੁਝ ਡਰੱਗ ਲਾਰਡਜ਼ ਬਰੈਂਪਟਨ, ਕਨੇਡਾ ਵਿਚ ਹਨ, ਜੋ ਇਸ ਧੰਦੇ ਰਾਹੀਂ ਕਰੋੜਾਂ ਡਾਲਰ ਬਣਾ ਰਹੇ ਹਨ। ਅੰਮ੍ਰਿਤਸਰ ਤੋਂ ਭੇਜੀ ਜਾਣ ਵਾਲੀ ਡਰੱਗ ਦਾ ਕੁਝ ਹਿੱਸਾ ਬਰੈਂਪਟਨ ਪੁੱਜਦਾ ਹੈ। ਇਥੋਂ ਸਿਖ ਟਰਾਂਸਪੋਰਟਰ ਇਸ ਨੂੰ ਸਾਰਨੀਆਂ ਤੇ ਨਿਆਗਰਾ ਬਾਰਡਰ ਰਾਹੀਂ ਅਮਰੀਕਾ ਪਹੁੰਚਾਉਂਦੇ ਹਨ। ਮੇਰੀ (ਵੈਬਸਟਰ ਟਾਰਪਲੇ) ਪਿਛਲੀ ਜਾਣਕਾਰੀ ਅਨੁਸਾਰ, ਸਾਰਨੀਆਂ ਬਾਰਡਰ ਉਤੇ 177 ਸਿਖ ਡਰਾਈਵਰ ਹਵਾਲਾਤ ਵਿਚ ਸਨ, ਜਿਹੜੇ ਮੁਕਦਮਿਆਂ ਦੀ ਉਡੀਕ ਕਰ ਰਹੇ ਸਨ। ਇਨ੍ਹਾਂ ਵਿਚੋਂ ਬਹੁਤੇ ਸਿਖ ਡਰਾਈਵਰ ਨਵੇਂ-ਨਵੇਂ ਕੈਨੇਡਾ ਆਏ ਸਨ। ਅਸੀਂ ਆਸਾਨੀ ਨਾਲ ਇਹ ਸਮਝ ਸਕਦੇ ਹਾਂ ਕਿ ਇਨ੍ਹਾਂ ਵਿਚੋਂ ਕੁਝ ਲੋਕ ਭਾਰਤ ਵਿਚ ਹੀ ਭਾਰਤੀ ਖੁਫੀਆ ਏਜੰਸੀਆਂ ਨੇ ਭਰਤੀ ਕਰ ਰਖੇ ਸਨ। ਇਹ ਲੋਕ ਭਾਰਤੀ ਖੁਫੀਆ ਏਜੰਸੀਆਂ ਦਾ ਲੁਕਵਾਂ ਪੰਜਵਾਂ ਕਾਲਮ ਹਨ, ਜਿਨ੍ਹਾਂ ਨੂੰ ਇਥੋਂ ਦੇ ਸਿਖ ਭਾਈਚਾਰੇ ਵਿਚ ਸਮੋਇਆ ਜਾਂਦਾ ਹੈ। ਬਰੈਂਪਟਨ ਤੇ ਮਿਸੀਸਾਗਾ ਵਿਚ ਛਪਦੀਆਂ ਵਧੇਰੇ ਪੰਜਾਬੀ ਅਖਬਾਰਾਂ ਭਾਰਤੀ ਖੁਫੀਆ ਏਜੰਸੀਆਂ ਦੇ ਪੇਅ ਰੋਲ ਉਤੇ ਹਨ ਤੇ ਝੂਠੀਆਂ ਖ਼ਬਰਾਂ ਫੈਲਾਉਂਦੀਆਂ ਹਨ।

'ਇੰਝ' ਬਰੈਂਪਟਨ ਤੇ ਮਿਸੀਸਾਗਾ ਪੰਜਾਬ ਦੇ ਕਾਲੇ ਧਨ ਦੇ ਅਡੇ ਬਣ ਚੁਕੇ ਹਨ। ਹਵਾਲੇ ਦਾ ਧੰਦਾ ਕਰਨ ਵਾਲੇ ਬਹੁਤੇ ਲੋਕ ਪੰਜਾਬ ਵਿਚ ਰਾਜ ਕਰ ਰਹੇ ਵੱਡੇ ਲੀਡਰਾਂ ਨਾਲ ਜੁੜੇ ਹੋਏ ਹਨ। ਇਹ ਲੀਡਰ ਇਨ੍ਹਾਂ ਲੋਕਾਂ ਰਾਹੀਂ ਆਪਣਾ ਕਾਲਾ ਧਨ ਕਨੇਡਾ ਜਮ੍ਹਾਂ ਕਰਦੇ ਹਨ ਤੇ ਉਸ ਨੂੰ ਸਫੇਦ ਕਰਦੇ ਹਨ। 2004 ਵਿਚ ਬਾਦਲ ਤੇ ਆਰ.ਐਸ.ਐਸ. ਦੀ ਰਾਜਸੀ ਮਸ਼ੀਨਰੀ ਵੱਲੋਂ ਤਿਆਰ ਕੀਤੀ ਸਕੀਮ ਨਾਲ ਡਰੱਗ ਰਾਹੀਂ ਹਰ ਸਾਲ ਇਕ ਅਰਬ ਡਾਲਰ ਕਮਾਉਣ ਦਾ ਟੀਚਾ ਮਿਥਿਆ ਗਿਆ ਸੀ। ਭਾਰਤੀ ਏਜੰਸੀ ਆਈ. ਬੀ. ਤੇ ਰਾਅ, ਜਿਹੜੀਆਂ ਅਫਗਾਨਿਸਤਾਨ ਵਿਚ ਗਹਿਰੇ ਤੌਰ ਉਤੇ ਸਰਗਰਮ ਹਨ, ਇਸ ਸਕੀਮ ਵਿਚ ਭਾਈਵਾਲ ਜਾਪਦੀਆਂ ਹਨ। ਉਨ੍ਹਾਂ ਦੇ ਸਹੀ ਭਾਈਵਾਲ ਹੋਣ ਬਾਰੇ ਕੁਝ ਪਤਾ ਨਹੀਂ। ਉਂਝ ਇਹ ਸੋਚ ਲੈਣਾ ਕੁਥਾਂ ਨਹੀਂ ਹੋਵੇਗਾ ਕਿ ਇਨ੍ਹਾਂ ਏਜੰਸੀਆਂ ਦਾ ਇਸ ਧੰਦੇ ਵਿਚ ਸ਼ਾਮਲ ਹੋਣਾ ਜਾਂ ਇਸ ਧੰਦੇ ਨੂੰ ਪ੍ਰਵਾਨਗੀ ਦੇਣਾ ਗਲਤ ਹੈ। ਸਕੀਮ ਇਹ ਸੀ ਕਿ ਅਫਗਾਨਿਸਤਾਨ ਤੋਂ ਮਾਲ ਅੰਮ੍ਰਿਤਸਰ ਪੁੱਜੇਗਾ ਤੇ ਇਸ ਦਾ ਇਵਜਾਨਾ ਦਿਤਾ ਜਾਵੇਗਾ। ਇਸ ਇਵਜਾਨੇ ਦੀ ਰਕਮ ਨੂੰ ਬਾਦਲ ਤੇ ਆਰ.ਐਸ.ਐਸ. ਵਿਚ ਵੰਡਿਆ ਜਾਵੇਗਾ। ਬੀ.ਜੇ.ਪੀ-ਆਰ.ਐਸ.ਐਸ. ਦੀ ਰਾਜਸੀ ਮਸ਼ੀਨਰੀ ਇਸ ਪੈਸੇ ਨੂੰ ਨੈਸ਼ਨਲ ਚੋਣਾਂ ਲਈ ਵਰਤੇਗੀ। ਬਾਦਲ ਹੁਰੀਂ ਇਸ ਪੈਸੇ ਨੂੰ ਪੰਜਾਬ ਵਿਚ ਆਪਣਾ ਕਬਜ਼ਾ ਜਮਾਈ ਰੱਖਣ ਲਈ ਵਰਤਣਗੇ। ਆਰ.ਐਸ.ਐਸ.-ਬੀ.ਜੇ.ਪੀ. ਪੰਜਾਬ ਨੂੰ ਨਸ਼ਿਆਂ ਵਿਚ ਗੜੁੱਚ ਹੋਣ ਅਤੇ ਸਿਖ ਨੌਜਵਾਨਾਂ ਨੂੰ ਨਸ਼ੇ ਦੀ ਮਾਰੂ ਬਿਮਾਰੀ ਸਹੇੜਦਿਆਂ ਦੇਖਣਾ ਚਾਹੁੰਦੇ ਹਨ। ਉਹ ਇਸੇ ਸੋਚ ਵਿਚ ਆਪਣਾ ਹਿਤ ਸਮਝਦੇ ਹਨ।"

ਕੀ ਉਪਰੋਕਤ ਵਰਨਣ 20ਵੀਂ ਸਦੀ ਦੇ ਮਹਾਨ ਸ਼ਹੀਦ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਵੱਲੋਂ ਸਿਰਜੇ ਤੇ ਹੰਢਾਏ ਗਏ ਇਤਿਹਾਸ ਦੀ ਵਿਆਖਿਆ ਕਰਦਾ ਹੈ?

ਕਿਸੇ ਨੂੰ ਉਪਰੋਕਤ ਗੱਲ ਵਧਵੀਂ ਲਗ ਸਕਦੀ ਹੈ, ਪਰ ਸਾਮਰਾਜੀਆਂ ਦੀ ਵਹਿਸ਼ੀ ਬਿਰਤੀ ਨੂੰ ਜਾਣਨ ਵਾਲੇ ਸਿਆਣੇ ਲੋਕਾਂ ਨੂੰ ਪਤਾ ਹੈ ਕਿ ਅੰਗਰੇਜ਼ ਸਾਮਰਾਜੀਆਂ ਨੇ ਅਮਰੀਕਾ ਕੈਨੇਡਾ ਅਤੇ ਅਸਟਰੇਲੀਆ ਵਿਚ ਪਲੇਗ ਦੇ ਜਰਮਾਂ ਨਾਲ ਭਰੇ ਹੋਏ ਕੰਬਲ ਵੰਡ ਕੇ ਕਰੋੜਾਂ ਦੇਸੀ ਲੋਕ ਮਾਰੇ ਸਨ। ਅਮਰੀਕਾ ਦੀ ਖੁਫੀਆ ਏਜੰਸੀ ਸੀ.ਆਈ.ਏ. ਦੇ ਨਸ਼ੇ ਦੇ ਵਪਾਰ ਵਿਚ ਰੁਝੇ ਹੋਣ ਬਾਰੇ ਅਨੇਕਾਂ ਕਿਤਾਬਾਂ ਲਿਖੀਆਂ ਜਾ ਚੁਕੀਆਂ ਹਨ। ਪੋਪ ਨੇ ਅਜੇ ਹੁਣੇ ਜਿਹੇ ਹੀ ਦੇਸੀ ਲੋਕਾਂ ਦੇ ਕੀਤੇ ਗਏ ਇਸ ਕਤਲੇਆਮ ਦੀ ਮਾਫੀ ਮੰਗੀ ਹੈ। ਬਾਦਲਾਂ ਦੀਆਂ ਅਰਬਾਂ-ਖ਼ਰਬਾਂ ਦੀਆਂ ਜਾਇਦਾਦਾਂ ਇਸੇ ਮਾਇਆ ਵਿਚੋਂ ਬਣੀਆਂ ਹਨ। ਸਿਖ ਮਾਨਸਿਕਤਾ ਨੂੰ ਉਜਡ ਸਭਿਆਚਾਰ ਨਾਲ ਭ੍ਰਿਸ਼ਟ ਕਰਨ ਲਈ ਪੰਜਾਬ ਅੰਦਰ ਚਲਾਏ ਜਾ ਰਹੇ ਦਸ-ਬਾਰਾਂ ਟੀਵੀ ਚੈਨਲ ਇਸੇ ਪੈਸੇ ਨਾਲ ਚਲਦੇ ਹਨ। ਪੰਜਾਬ ਦੀਆਂ ਲਗਪਗ ਸਾਰੀਆਂ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਅਖ਼ਬਾਰਾਂ ਅੱਜ ਵੀ ਬ੍ਰਾਹਮਣਵਾਦੀ ਕਲਪਨਾ ਦਾ ਪ੍ਰਚਾਰ ਕਰ ਰਹੀਆਂ ਹਨ। ਪਰ ਇਹ ਸਾਰਾ ਕੁਝ ਕਰਨ ਵਾਲੀ ਸਾਮਰਾਜੀ ਸਰਕਾਰ ਤੇ ਬ੍ਰਾਹਮਣ-ਬਾਣੀਆਂ ਬਿਰਤੀ ਨਾਲ ਭ੍ਰਿਸ਼ਟ ਲੋਕ ਹਨ। ਗਰੀਬ ਕਿਰਤੀ ਤੇ ਦਲਿਤ ਹਿੰਦੂ ਇਨ੍ਹਾਂ ਲੋਕਾਂ ਵਿਚ ਸ਼ਾਮਿਲ ਨਹੀਂ ਹਨ।

ਸਿੱਖੀ ਇਕ ਵਚਨਬੱਧਤਾ ਹੈ ਅਤੇ ਇਹ ਅਜੋਕੇ ਆਲਮੀ ਯੁੱਗ ਵਿਚ ਪੂਰਨ ਰੂਪ ਵਿਚ ਪ੍ਰਸੰਗਕ ਹੈ। ਇਹ ਨਸਲੀ ਤੇ ਭੂਗੋਲਿਕ ਨਹੀਂ ਤੇ ਨਾ ਹੀ ਜੱਦੀ ਪੁਸ਼ਤੀ ਹੈ। ਸਿੱਖ ਭਾਈਚਾਰਾ ਇਕ ਅਜਿਹੇ ਮਨੁੱਖਾਂ ਦਾ ਸਮੂਹ ਹੈ ਜੋ "ਸੰਤੋਖ" ਅਤੇ "ਦਇਆ" ਨੂੰ ਇਮਾਨਦਾਰੀ ਨਾਲ ਸਮਰਪਿਤ ਹੈ। ਜਿਹਾ ਕਿ ਗੁਰਬਾਣੀ ਵਿਚ ਦਰਜ ਹੈ ; "ਧੌਲੁ ਧਰਮੁ ਦਇਆ ਕਾ ਪੂਤੁ।। ਸੰਤੋਖੁ ਥਾਪਿ ਰਖਿਆ ਜਿਨਿ ਸੂਤਿ।।" (ਪੰਨਾ 3) ਸਿੱਖ ਦੇ ਘਰ ਸਿੱਖ ਨਹੀਂ ਜੰਮਦਾ। ਸਿੱਖ ਅਤੇ ਖਾਲਸਾ ਕੇਵਲ ਵਚਨਬੱਧਤਾ ਕਰਕੇ ਹੀ ਸਿੱਖ ਅਤੇ ਖਾਲਸਾ ਅਖਵਾਉਣ ਦਾ ਹੱਕਦਾਰ ਹੈ। ਸ਼ਕਲ ਬਣਾਉਣਾ ਅਤੇ ਪਹਿਰਾਵਾ ਤਾਂ ਹੀ ਰਾਸ ਆਉਂਦੇ ਹਨ, ਜੇ ਅਜਿਹੇ ਮਨੁੱਖ ਵਿਚ ਖਾਲਸਈ ਗੁਣ ਹੋਣ। ਇਸ ਸਮੇਂ ਸਿੱਖ ਭਾਈਚਾਰੇ ਦਾ ਇਕ ਪੈਰ ਆਪਣੇ ਇਨਕਲਾਬੀ ਧਰਮ ਵਿਚ ਹੈ ਤੇ ਦੂਜਾ ਉਸ ਵਿਰੋਧੀ ਪ੍ਰਚਲਿਤ ਹਿੰਦੂਵਾਦੀ ਅਤੇ ਬਾਣੀਆਵਾਦੀ ਵਾਤਾਵਰਣ ਭਾਵ ਮਾਇਆਵਾਦ, ਮੂਰਤੀ ਪੂਜਾ, ਕਰਮਕਾਂਡ, ਅੰਧਵਿਸ਼ਵਾਸ ਅਤੇ ਕਰਾਮਾਤਾਂ ਵਿਚ। ਇਹ ਵਾਤਾਵਰਣ ਪੰਜਾਬ ਤੇ ਇਸ ਦੇਸ ਦੇ ਵੱਡੇ ਹਿੱਸੇ ਵਿਚ ਹਿੰਦੂਵਾਦੀ ਦਕਿਆਨੂਸੀ ਸੋਝੀ ਤੇ ਵਰਤਾਰੇ ਕਾਰਨ ਟਿਕਿਆ ਹੋਇਆ ਹੈ। ਇਹ ਦੁਖਾਂਤ ਹੈ ਅਜੋਕੇ ਸਿੱਖ ਸਮਾਜ ਦਾ। ਸਿੱਖ ਵੱਡੀ ਗਿਣਤੀ ਵਿਚ ਜੋ ਕੁਝ ਹੋਣ ਦਾ ਦਾਅਵਾ ਬੰਨ੍ਹਦੇ ਹਨ, ਅਸਲ ਵਿਚ ਉਹ ਨਹੀਂ ਹਨ। ਅਜਿਹੀ ਸਥਿਤੀ ਵਿਚ ਸੱਚੇ ਸਿੱਖਾਂ ਤੇ ਸੱਚੇ ਸਿੰਘਾਂ ਦੀ ਗਿਣਤੀ ਬਹੁਤ ਥੋੜ੍ਹੀ ਰਹੇਗੀ। ਅਜਿਹਾ ਵਰਤਾਰਾ ਹਰ ਇਨਕਲਾਬੀ ਲਹਿਰ ਦਾ ਰਿਹਾ ਹੈ ਤੇ ਅੱਗੋਂ ਵੀ ਰਹੇਗਾ। ਜਦੋਂ-ਜਦੋਂ ਵੀ ਕਿਸੇ ਇਨਕਲਾਬੀ ਲਹਿਰ ਨੂੰ ਢਾਹ ਲੱਗੀ ਹੈ, ਉਦੋਂ ਉਦੋਂ ਹੀ ਉਸ ਦੇ ਸਮਰੱਥਕਾਂ ਦੀ ਗਿਣਤੀ ਘਟੀ ਹੈ ਅਤੇ ਉਨ੍ਹਾਂ ਦੇ ਵਿਸ਼ਵਾਸ ਵੀ ਡੋਲੇ ਹਨ। ਸਿੱਖ ਸਮਾਜ ਦੀ ਅਜੋਕੀ ਹੀਣਤਾ-ਗ੍ਰਸਤ ਸਥਿਤੀ ਸਾਡੇ ਸਾਹਮਣੇ ਹੈ।

ਪਾਠਕ ਵੀਰੋ! ਤੱਕੜੀ ਦੇ ਦੋਵੇਂ ਛਾਬਿਆਂ ਵਿਚ ਇਕ ਬੰਨੇ ਸ਼ਹੀਦੀਆਂ ਤੇ ਦੂਜੇ ਬੰਨੇ ਗਦਾਰੀਆਂ ਪਾ ਕੇ ਤੋਲੋ ਕਿ ਸੰਤ ਭਿੰਡਰਾਂਵਾਲੇ ਕਿਹੜੇ ਛਾਬੇ ਦੇ ਮਾਲਕ ਹਨ ਤੇ 'ਭਾਈ' ਹਰਨਾਮ ਸਿੰਘ ਧੁੰਮਾ ਕਿਹੜੇ ਛਾਬੇ ਦਾ ਮਾਲਕ ਹੈ। ਇਨਕਲਾਬੀ ਸੰਘਰਸ਼ ਦੀ ਕਾਮਯਾਬੀ ਸਮੇਂ ਉਸ ਦੇ ਸਮੱਰਥਕਾਂ ਦੀ ਗਿਣਤੀ ਵਿਚ ਭਾਰੀ ਵਾਧੇ ਹੋਏ। ਕਾਮਯਾਬ ਸੰਘਰਸ਼ ਇਨਕਲਾਬ ਬਣੇ ਅਤੇ ਹਾਰੇ ਹੋਏ ਬਗਾਵਤਾਂ, ਜੋ ਕੁਚਲੀਆਂ ਗਈਆਂ। ਦਮਦਮੀ ਟਕਸਾਲ ਦੇ ਤੇਰਵੇਂ ਜਥੇਦਾਰ ਸੰਤ ਕਰਤਾਰ ਸਿੰਘ ਜੀ ਭਿੰਡਰਾਂਵਾਲਿਆਂ ਨੇ ਸਿੱਖ ਭਾਈਚਾਰੇ ਵਿਚੋਂ ਉੱਭਰੇ "ਨਿਰੰਕਾਰੀਆਂ" ਵੱਲੋਂ ਸ਼ਬਦ ਗੁਰੂ ਸਿਧਾਂਤ ਨੂੰ ਖੋਰਾ ਲਾਉਣ ਵਿਰੁੱਧ ਸੰਘਰਸ਼ ਆਰੰਭਿਆ। ਉਹਨਾਂ ਦੇ ਉਤਰਾਧਿਕਾਰੀ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੇ ਜਦ ਸੰਘਰਸ਼ ਦੀ ਉਸੇ ਲੜੀ ਨੂੰ ਅੱਗੇ ਤੋਰਿਆ ਤਾਂ ਉਨ੍ਹਾਂ ਦਾ ਟਾਕਰਾ ਸਮੁੱਚੇ ਦਿੱਲੀ ਦਰਬਾਰ ਅਤੇ ਸਮੁੱਚੇ ਰਾਜਨੀਤਿਕ ਪ੍ਰਬੰਧ ਨਾਲ ਹੋਣਾ ਕੁਦਰਤੀ ਸੀ। ਕਿਉਂਕਿ ਉਹ ਪ੍ਰਬੰਧ ਹਿੰਦੂ ਕਲਚਰ ਅਤੇ ਸਿਧਾਂਤ ਦੇ ਵਰਤਾਰੇ ਵਿਚ ਘੜਿਆ ਹੋਇਆ ਸੀ। 1982 ਵਿਚ ਧਰਮਯੁੱਧ ਮੋਰਚੇ ਦੇ ਲਗਪਗ ਦੋ ਸਾਲ ਦਾ ਪੈਂਡਾ ਕਰਦਿਆਂ ਸੰਤਾਂ ਅਤੇ ਉਨ੍ਹਾਂ ਦੇ ਸਹਿਯੋਗੀਆਂ ਨੂੰ ਇਹ ਗੱਲ ਸਿੱਧ ਹੋ ਗਈ ਸੀ ਕਿ ਉਸ ਮੋਰਚੇ ਦੇ ਭਾਈਵਾਲ (ਅਕਾਲੀ) ਕੇਵਲ ਤੇ ਕੇਵਲ ਸੱਤਾ ਦੇ ਭੁੱਖੇ ਹਨ। ਅਨੰਦਪੁਰ ਸਾਹਿਬ ਦੇ ਮਤੇ ਦੀ ਪ੍ਰਾਪਤੀ ਵਾਸਤੇ ਲੌਂਗੋਵਾਲ, ਬਾਦਲ, ਟੌਹੜਾ, ਬਰਨਾਲਾ, ਤਲਵੰਡੀ ਆਦਿ ਆਗੂਆਂ ਦਾ ਕੋਈ ਅਸੂਲੀ ਪੈਂਤੜਾ ਨਹੀਂ ਸੀ। ਇਕ ਸੱਚੇ ਸਿੱਖ ਦੇ ਰੂਪ ਵਿਚ ਸੰਤ ਭਿੰਡਰਾਂਵਾਲਿਆਂ ਨੇ ਮਤੇ ਅਤੇ ਮੋਰਚੇ ਪ੍ਰਤੀ ਆਪਣੀ ਵਚਨਬੱਧਤਾ ਸ਼ਹੀਦੀ ਦੇ ਕੇ ਨਿਭਾਈ।

ਸਰਕਾਰੀ ਗੁਪਤ ਮਿਸਲਾਂ ਦੀ ਫੋਲਾ-ਫਾਲੀ ਹੋਣ 'ਤੇ ਸਮਾਂ ਪਾ ਕੇ ਇਨ੍ਹਾਂ ਅਤੇ ਹੋਰ ਅਨੇਕ ਜ਼ਿੰਮੇਵਾਰਾਂ ਦੀਆਂ ਗੱਦਾਰੀਆਂ ਦੇ ਕੱਚੇ ਚਿੱਠੇ ਇਤਿਹਾਸ ਦੇ ਪੰਨਿਆਂ 'ਤੇ ਜ਼ਰੂਰ ਛਪਣਗੇ। 'ਸਾਕਾ ਨੀਲਾ ਤਾਰਾ' ਕਰਵਾਉਣ ਵਿਚ ਇਨ੍ਹਾਂ ਲੀਡਰਾਂ ਵੱਲੋਂ ਵੱਧ-ਘੱਟ ਯੋਗਦਾਨ ਪਾਉਣ ਦੇ ਚਰਚੇ ਪੁਸਤਕਾਂ ਤੇ ਮੈਗਜ਼ੀਨਾਂ ਵਿਚ ਹੋ ਚੁੱਕੇ ਹਨ ਅਤੇ ਇਸ ਪੁਸਤਕ ਵਿਚ ਦਰਜ ਹਨ। ਸੰਤ ਭਿੰਡਰਾਂਵਾਲਿਆਂ ਨੇ 'ਪ੍ਰੇਮ ਖੇਡਣ' ਦਾ ਪੈਂਤੜਾ ਲਿਆ ਅਤੇ ਸਿਰੇ ਲਾ ਦਿੱਤਾ। ਪਰ ਬਾਦਲਕਿਆਂ ਨੇ ਬਾਬਾ ਜੀ ਦੀ ਇਹ ਤੁਕ ਅਣਗੌਲੀ ਕਰ ਦਿਤੀ :

ਨਾਲਿ ਕਿਰਾੜਾ ਦੋਸਤੀ ਕੂੜੇ ਕੂੜੀ ਪਾਇ।।
ਮਰਣੁ ਨ ਜਾਪੈ ਮੂਲਿਆ ਆਵੈ ਕਿਤੈ ਥਾਇ।। (ਪੰਨਾ 1412)

ਜਿਸ ਅਧੀਨ ਬਾਦਲਾਂ ਨੇ ਭਾਰਤੀ ਜਨਤਾ ਪਾਰਟੀ ਨਾਲ ਯਾਰੀ ਗੰਢ ਕੇ ਗੁਰੂ ਨਾਨਕ ਦੇ ਸਿਧਾਂਤ ਦੀਆਂ ਧਜੀਆਂ ਉਡਾ ਦਿਤੀਆਂ। ਸਿੱਖੀ ਸਿਧਾਂਤ ਵੱਸ ਗੁਰੂ ਹਰਗੋਬਿੰਦ ਸਾਹਿਬ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਸ਼ਸਤਰਧਾਰੀ ਸਿੱਖਾਂ ਦੀ ਸਿਰਜਣਾ ਕੀਤੀ। ਸ਼ਸਤਰ ਹਰ ਅੰਮ੍ਰਿਤਧਾਰੀ ਸਿੰਘ ਦੇ ਅੰਗ-ਸੰਗ ਰਹੇ ਹਨ। ਇਸੇ ਸੋਝੀ ਵੱਸ ਧਰਮਯੁੱਧ ਮੋਰਚੇ ਦੀ ਹਾਲਤ, ਸਰਕਾਰੀ ਪੈਂਤੜੇ ਅਤੇ ਰਵਾਇਤੀ ਸਿੱਖ ਲੀਡਰਸ਼ਿਪ ਨੂੰ ਪਛਾਣਦਿਆਂ, ਸੰਤ ਭਿੰਡਰਾਂਵਾਲਿਆਂ ਨੇ ਨੌਜਵਾਨ ਸਿੱਖਾਂ ਦੀ ਹਰ ਜੋੜੀ ਨੂੰ ਅੰਮ੍ਰਿਤਧਾਰੀ ਹੋ ਕੇ ਮੋਟਰ ਸਾਈਕਲ ਰੱਖਣ ਅਤੇ ਰਿਵਾਲਵਰ ਧਾਰਨ ਕਰਨ ਦਾ ਉਪਦੇਸ਼ ਦਿੱਤਾ। ਉਨ੍ਹਾਂ ਦਾ ਕਥਨ ਸੀ, ਕਿ ਧੱਕਾ ਕਿਸੇ ਨਾਲ ਕਰਨਾ ਨਹੀਂ ਪਰ ਧੱਕਾ ਜਰਨਾ ਵੀ ਨਹੀਂ। ਉਨ੍ਹਾਂ ਅਤੇ ਉਨ੍ਹਾਂ ਦੇ ਸਹਿਯੋਗੀਆਂ 'ਤੇ ਅਨੇਕ ਝੂਠੀਆਂ ਊਜਾਂ ਲੱਗੀਆਂ ਅਤੇ "ਕਈ ਆਪਣਿਆਂ" ਨੇ ਵੀ ਉਹਨਾਂ ਨਾਲ ਧਰੋਹ ਕਮਾਇਆ। ਉਨ੍ਹਾਂ ਨੂੰ ਸੁੱਚਾ ਸਿੰਘ ਛੋਟੇਪੁਰ ਜਿਹੇ ਕਈ ਲੋਕਾਂ ਨੇ "ਕਾਂਗਰਸੀ ਏਜੰਟ" ਅਤੇ "ਚੰਬਲ ਦੇ ਡਾਕੂ" ਦੇ ਮੇਹਣੇ ਵੀ ਦਿੱਤੇ।

ਦੁਨੀਆ ਭਰ ਦੇ ਇਤਿਹਾਸ ਵਿਚ ਹਰ ਇਨਕਲਾਬ ਦਾ ਇਹ ਖਾਸਾ ਰਿਹਾ ਹੈ ਕਿ ਉਸ ਦੀ ਚੜ੍ਹਦੀਕਲਾ ਸਮੇਂ ਉਸ ਦੇ ਸਮਰੱਥਕਾਂ ਅੰਦਰ ਨੇਕੀ, ਦਇਆ, ਤਿਆਗ, ਦਲੇਰੀ ਤੇ ਸ਼ਹਾਦਤ ਦੀ ਰੁਚੀ ਸਿਖਰਾਂ ਛੋਹ ਜਾਂਦੀ ਰਹੀ ਹੈ। ਸਮਾਂ ਪਾ ਕੇ ਜਦ ਜਦ ਵੀ ਅਜਿਹੇ ਸੰਘਰਸ਼ ਮਾਇਆਵਾਦੀ ਸਮਾਜ ਨੇ ਹੜੱਪਣੇ ਆਰੰਭੇ ਤਾਂ ਇਨਕਲਾਬ ਸਮੇਂ ਸਿਰਜਿਆ ਗਿਆ ਪ੍ਰਬੰਧ ਵੀ ਖੇਰੂੰ-ਖੇਰੂੰ ਹੋਇਆ ਅਤੇ ਵਧੀਆ ਮਨੁੱਖ ਵੀ ਗਿਰਾਵਟ ਦਾ ਸ਼ਿਕਾਰ ਹੋਇਆ। ਅਜੋਕੇ ਇਤਿਹਾਸ ਵਿਚ ਰੂਸ ਦੀ ਮਿਸਾਲ ਸਾਡੇ ਸਾਹਮਣੇ ਹੈ। ਜਦ ਚੰਗੇ ਸਮਾਜ ਨੂੰ ਸਿਰਜਣ ਵਾਲਾ ਮਨੁੱਖ ਡਿਗਦਾ ਹੈ ਤਾਂ ਚੰਗਾ ਸਮਾਜ ਵੀ ਨਾਲ ਹੀ ਡਿਗ ਜਾਂਦਾ ਹੈ। ਇਹੋ ਵਰਤਾਰਾ ਅਸੀਂ ਅੱਜ ਕੱਲ੍ਹ ਸਿੱਖ ਭਾਈਚਾਰੇ ਵਿਚ ਵੇਖ ਰਹੇ ਹਾਂ। ਸਿੱਖਾਂ ਦੀਆਂ ਲਗਪਗ ਸਮੂਹ ਧਾਰਮਿਕ ਸੰਸਥਾਵਾਂ, ਗੁਰਧਾਮ ਅਤੇ ਇਥੋਂ ਤਾਈਂ ਕਿ ਤਖਤ ਵੀ ਆਪਣੀ ਮਰਿਆਦਾ ਗਵਾਈ ਬੈਠੇ ਹਨ। ਕਾਰਨ ਸਿੱਖ ਅਤੇ ਸਿੰਘ ਦੀ ਬਤੌਰ ਸਿੱਖ ਅਤੇ ਸਿੰਘ ਵੱਡੀ ਪੱਧਰ 'ਤੇ ਅਧੋਗਤੀ ਹੋ ਚੁੱਕੀ ਹੈ।

ਦਕਿਆਨੂਸੀ ਹਿੰਦੂ ਸੋਚ ਤੇ ਮਰਿਆਦਾ ਸਿਖੀ ਉਪਰ ਭਾਰੂ ਹੈ। ਜਿਨ੍ਹਾਂ ਵਿਅਕਤੀਆਂ ਨੂੰ ਕੇਸਾਧਾਰੀ ਅਤੇ ਅੰਮ੍ਰਿਤਧਾਰੀ ਦਿੱਖ ਕਰਕੇ ਸਿੱਖ ਸੰਸਥਾਵਾਂ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ, ਉਨ੍ਹਾਂ ਵਿਚੋਂ ਬਹੁਤੇ ਝੂਠੇ ਅਤੇ ਫਰੇਬੀ ਨਿਕਲੇ। ਉਹਨਾਂ ਦੀ ਵਫਾਦਾਰੀ ਗੱਦੀਆਂ ਤੇ ਮਾਇਆ ਨਾਲ ਸਿੱਧ ਹੋਈ। ਸ਼ਬਦ ਗੁਰੂ ਨਾਲ ਨਹੀਂ।

ਸਿੱਖ ਭਾਈਚਾਰੇ ਨੇ ਪਿਛਲੇ ਪੰਜਾਹ ਵਰ੍ਹਿਆਂ ਵਿਚ ਅਤੇ ਖਾਸ ਕਰਕੇ ਪਿਛਲੇ ਵੀਹ ਸਾਲਾਂ ਵਿਚ, ਫਾਸ਼ੀ ਭਾਰਤੀ ਰਾਜ ਪ੍ਰਬੰਧ ਦਾ ਕਹਿਰ ਹੰਢਾਇਆ ਹੈ। ਉਸ ਕਹਿਰ ਨੇ ਉਹਨਾਂ ਵਿਚੋਂ ਬਹੁਤ ਵੱਡੀ ਗਿਣਤੀ ਨੂੰ ਗੁਰੂ ਗ੍ਰੰਥ ਸਾਹਿਬ ਅਤੇ ਗੁਰਬਾਣੀ ਵੱਲ ਖਿੱਚਿਆ ਹੈ ਅਤੇ ਇਹ ਇਕ ਚਿੰਨ੍ਹ ਹੈ, ਆਉਣ ਵਾਲੇ ਸਿੱਖ ਇਤਿਹਾਸ ਵਿਚ ਚੜ੍ਹਦੀਕਲਾ ਦਾ। ਮੈਨੂੰ ਆਸ ਹੈ ਕਿ ਇਸ ਪੁਸਤਕ ਵਿਚ ਮੈਂ ਆਪਣਾ ਇਹ ਵਿਸ਼ਵਾਸ ਸਿੱਧ ਕਰ ਸਕਾਂਗਾ। ਦੁਨੀਆ ਇਕ ਪਿੰਡ ਮਾਫਕ ਹੋ ਗਈ ਹੈ ਅਤੇ ਸਾਨੂੰ ਆਪਣੀ ਸੋਚ ਉਸੇ ਪੱਧਰ 'ਤੇ ਚੁੱਕਦਿਆਂ ਹੋਇਆਂ ਡਟ ਕੇ ਕੁਰੱਪਸ਼ਨ ਅਤੇ ਧੱਕੇਸ਼ਾਹੀ ਵਿਰੁੱਧ ਜੂਝਣਾ ਚਾਹੀਦਾ ਹੈ। ਇਹ ਸਭ ਕੁਝ ਗੁਰੂ ਅਰਜਨ ਦੇਵ ਜੀ, ਗੁਰੂ ਤੇਗ ਬਹਾਦਰ ਜੀ ਅਤੇ ਬਾਕੀ ਸਾਰੇ ਗੁਰੂ ਸਾਹਿਬਾਨ ਦੀ ਸਿੱਖਿਆ ਦੇ ਅਨੁਕੂਲ ਹੈ, ਜਿਸ ਨੂੰ ਦ੍ਰਿੜ੍ਹਤਾ ਨਾਲ ਅਪਣਾਉਂਦਿਆਂ ਹੋਇਆਂ, ਹਰ ਸਿੱਖ ਨੂੰ ਆਪਣੀ ਆਤਮਾ ਨੂੰ ਪਲੀਤ ਹੋਣ ਤੋਂ ਬਚਾਉਣਾ ਚਾਹੀਦਾ ਹੈ। ਖਾਸ ਚੇਤੇ ਰੱਖਣ ਵਾਲੀ ਗੱਲ ਇਹ ਹੈ ਕਿ ਇਸ ਦੇਸ ਵਿਚ ਕੁਰੱਪਸ਼ਨ ਬਾਣੀਆਂ ਦੀ ਦੇਣ ਹੈ। ਇਨ੍ਹਾਂ ਨੂੰ ਮਾਨਵੀ ਕਦਰਾਂ-ਕੀਮਤਾਂ ਨਾਲੋਂ ਹਰ ਵਕਤ ਮਾਇਆ ਪਿਆਰੀ ਹੈ, ਜਿਸ ਦੀ ਖਾਤਰ ਬਾਕੀ ਦੇ ਸਮੁੱਚੇ ਸਮਾਜ ਨੂੰ ਇਹ ਦਰੜ ਵੀ ਸਕਦੇ ਹਨ। ਇਹੋ ਵਰਤਾਰਾ ਅੱਜ ਕੱਲ੍ਹ ਇਸ ਦੇਸ ਵਿਚ ਚੱਲ ਰਿਹਾ ਹੈ, ਜਿਸ ਕਾਰਨ ਵੱਡੇ-ਵੱਡੇ ਝੂਠ ਬੋਲ ਕੇ ਮਨੁੱਖੀ ਅਧਿਕਾਰਾਂ ਦਾ ਘਾਣ ਕੀਤਾ ਜਾ ਰਿਹਾ ਹੈ।

ਅੱਸੀਵਿਆਂ ਅਤੇ ਨੱਬੇਵਿਆਂ ਸਮੇਂ ਹੰਢਾਈ ਸਾੜਸਤੀ ਦੇ ਦਿਨਾਂ ਵਿਚ ਇਹ ਗੱਲ ਬੜੇ ਜ਼ੋਰ ਨਾਲ ਕਹੀ ਜਾ ਰਹੀ ਸੀ ਕਿ ਸਿੱਖਾਂ ਦਾ ਪ੍ਰੈੱਸ ਭਾਵ ਪ੍ਰਚਾਰਕ ਢਾਂਚਾ ਬਹੁਤ ਕਮਜ਼ੋਰ ਹੈ। ਪਰ ਸਮਾਂ ਬੀਤਣ ਨਾਲ ਅੱਜ ਕੱਲ੍ਹ ਇਹ ਉੱਕਾ ਹੀ ਨਿੱਘਰ ਗਿਆ ਹੈ। ਇਕ ਵੀ ਅਖ਼ਬਾਰ ਅਜਿਹਾ ਨਹੀਂ, ਜਿਸ ਵਿਚ ਹੋਰ ਤਾਂ ਛੱਡੋ, ਕੇਵਲ ਸਿੱਖਾਂ ਦੇ ਮਨੁੱਖੀ ਅਧਿਕਾਰਾਂ ਦੀ ਗੱਲ ਹੀ ਕਹੀ ਜਾ ਸਕੇ। ਇੱਧਰ ਉੱਧਰ ਅਖ਼ਬਾਰ ਕੱਢਣ ਦੇ ਨਾਂ 'ਤੇ ਫੰਡ ਇਕੱਠੇ ਕਰਨ ਦੀ ਹੋੜ ਤਾਂ ਲੱਗੀ ਹੋਈ ਹੈ, ਪਰ ਅਜਿਹੇ ਫੰਡ ਇਕੱਠੇ ਕਰਨ ਵਾਲੇ ਸੱਜਣ ਲਿਖਣ ਦੇ ਪੱਖੋਂ ਬਿਲਕੁੱਲ ਹੀ ਕਮਜ਼ੋਰ ਹਨ। ਨਾ ਸਿੱਖ ਵਿਚਾਰਧਾਰਾ ਅਤੇ ਨਾ ਸਿੱਖ ਰਾਜਨੀਤੀ ਉਨ੍ਹਾਂ ਦੀ ਪਕੜ ਵਿਚ ਆਉਂਦੀ ਹੈ। ਸੋਝੀ, ਗਿਆਨ ਅਤੇ ਚੇਤਨਾ ਸਿੱਖ ਭਾਈਚਾਰੇ ਵਿਚੋਂ ਖੰਭ ਲਾ ਕੇ ਉੱਡ ਗਈ ਲੱਗਦੀ ਹੈ।

ਭਾਰਤ ਦੀ ਅਜੋਕੀ ਸੱਚਾਈ ਇਹ ਹੈ ਕਿ ਇਸ ਉੱਪਰ ਪੂਰਨ ਰੂਪ ਵਿਚ ਬਾਣੀਆ ਦਾ ਕਬਜ਼ਾ ਹੋ ਚੁੱਕਾ ਹੈ। ਬ੍ਰਾਹਮਣ ਇਸ ਦੀ ਸਿਧਾਂਤਕ ਅਤੇ ਰਾਜਨੀਤਿਕ ਸੋਚ ਦਾ ਰੱਥਵਾਨ ਹੈ। ਸਿਵਾਏ ਬਾਣੀਏ ਦੇ ਬਾਕੀ ਸਾਰੇ ਇਸ ਦੇਸ ਦੇ ਨੌਕਰ ਚਾਕਰ ਹਨ। ਉਹ ਜਿਸ ਕਿਸੇ ਨੂੰ ਮਰਜ਼ੀ ਹੋਵੇ "ਦੇਸ ਧ੍ਰੋਹੀ" ਅਤੇ "ਬਿਦੇਸ਼ੀ ਏਜੰਟ" ਦਾ ਨਾਂ ਦੇ ਕੇ, ਝੂਠੇ ਮੁਕੱਦਮੇ ਬਣਾ ਕੇ ਜੇਲ੍ਹੀਂ ਡੱਕ ਦੇਣ ਅਤੇ ਲੋੜ ਪੈਣ 'ਤੇ ਜਾਨੋਂ ਮਰਵਾ ਦੇਣ। ਅੱਜ ਕਿਸਾਨ, ਮਜ਼ਦੂਰ ਦੀ ਤਾਂ ਗੱਲ ਹੀ ਛੱਡੋ, ਹਿੰਦੂਤਵੀਆਂ ਨੂੰ ਛੱਡ ਕੇ, ਮੱਧਵਰਗੀ ਲੋਕ ਵੀ ਉਨ੍ਹਾਂ ਦੇ ਕਹਿਰ ਦਾ ਨਿਸ਼ਾਨਾ ਬਣ ਜਾਂਦੇ ਹਨ। ਘੱਟ ਗਿਣਤੀਆਂ ਤਾਂ ਇਨ੍ਹਾਂ ਦੇ ਕਹਿਰ ਦਾ ਨਿਸ਼ਾਨਾ ਹੈ ਹੀ ਨੇ। ਗੱਲ ਕੇਵਲ ਏਨੀ ਹੀ ਕਹਿਣੀ ਹੈ ਕਿ ਫਲਾਣਾ ਆਈ ਐੱਸ ਆਈ ਦਾ ਏਜੰਟ ਹੈ।

ਮੇਰਾ ਆਪਣਾ ਵਿਚਾਰ ਹੈ ਕਿ ਜੇ ਕਦਮ-ਕਦਮ 'ਤੇ ਬਾਣੀਆਂ ਦੀ ਚਲਾਕੀ ਨੂੰ ਸਮਝ ਲਿਆ ਜਾਵੇ ਅਤੇ ਮਾੜੇ-ਮੋਟੇ ਪ੍ਰਚਾਰ ਸਾਧਨਾਂ ਰਾਹੀਂ ਉਸ ਨੂੰ ਨੰਗਿਆਂ ਕੀਤਾ ਜਾਏ ਤਾਂ ਉਹਨੂੰ ਭਾਜੜਾਂ ਪੈ ਸਕਦੀਆਂ ਹਨ। ਪੰਜਾਬ ਵਿਚ ਉਹ ਲੋਕ, ਜਿਨ੍ਹਾਂ ਨੇ ਇੱਥੋਂ ਦੇ ਸ਼ਾਂਤਮਈ ਵਾਤਾਵਰਣ ਨੂੰ ਬੋਲੀ ਦੇ ਨਾਂਅ 'ਤੇ ਅੱਗ ਲਾਈ ਸੀ, ਉਨ੍ਹਾਂ ਨੂੰ "ਪੰਜਾਬ ਰਤਨ" ਦੇ ਖਿਤਾਬ ਮਿਲ ਰਹੇ ਹਨ ਅਤੇ ਸਿੱਖਾਂ ਦੀ ਨਸਲਕੁਸ਼ੀ ਦੇ ਜ਼ਿੰਮੇਵਾਰ ਸ਼ਰਾਬੀ, ਕਬਾਬੀ ਅਤੇ ਆਚਰਣਹੀਣ ਬੰਦੇ ਦਨਦਨਾਉਂਦੇ ਫਿਰਦੇ ਹਨ।

ਇਸ ਪੁਸਤਕ ਵਿਚ ਸੰਤਾਂ ਪ੍ਰਤੀ ਛੋਟੀਆਂ-ਛੋਟੀਆਂ ਕਹਾਣੀਆਂ ਤੇ ਟਿਪਣੀਆਂ ਦੇ ਕੇ ਉਸ ਸਮੇਂ ਦੇ ਹਾਲਾਤ ਨੂੰ ਪਾਠਕਾਂ ਨਾਲ ਸਾਂਝਿਆਂ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਨਾਲ ਦੀ ਨਾਲ ਉਨ੍ਹਾਂ ਕਥਾ ਕਹਾਣੀਆਂ ਦੀ ਆਪਣੀ ਤੁੱਛ ਬੁੱਧੀ ਅਨੁਸਾਰ ਸਿੱਖ ਇਤਿਹਾਸ ਤੇ ਪ੍ਰੰਪਰਾਵਾਂ ਦੇ ਸੰਦਰਭ ਵਿਚ ਉਹਨਾਂ ਸਮਿਆਂ ਦੇ ਵਿਅਕਤੀਆਂ ਦੀ ਚਰਚਾ ਵੀ ਇਸ ਪੁਸਤਕ ਵਿਚ ਕੀਤੀ ਗਈ ਹੈ। ਖਾਸ ਕਰਕੇ ਸ੍ਰੀਮਤੀ ਇੰਦਰਾ ਗਾਂਧੀ, ਗਿਆਨੀ ਜ਼ੈਲ ਸਿੰਘ, ਹਰਚੰਦ ਸਿੰਘ ਲੌਂਗੋਵਾਲ, ਪ੍ਰਕਾਸ਼ ਸਿੰਘ ਬਾਦਲ ਆਦਿ ਦੀ। ਹੋ ਸਕਦਾ ਹੈ ਕਿ ਪਾਠਕ ਉਸ ਵਿਆਖਿਆ ਨਾਲ ਸਹਿਮਤ ਨਾ ਹੋਣ ਪਰ ਜਿਨ੍ਹਾਂ ਘਟਨਾਵਾਂ ਜਾਂ ਕਥਾ ਕਹਾਣੀਆਂ ਦੀ ਚਰਚਾ ਕੀਤੀ ਜਾ ਰਹੀ ਹੈ, ਉਹ ਆਪਣੀ ਪੂਰਨ ਯਥਾ-ਸ਼ਕਤੀ ਅਤੇ ਟਕਸਾਲੀ ਰੂਪ ਵਿਚ ਪਾਠਕਾਂ ਦੀ ਸੇਵਾ ਵਿਚ ਹਾਜ਼ਰ ਹਨ। ਸਾਕਾ ਨੀਲਾ ਤਾਰਾ ਪਿੱਛੋਂ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਅਤੇ ਦਮਦਮੀ ਟਕਸਾਲ ਨੂੰ ਇਕ ਵਾਰ ਫਿਰ ਸੰਗਤ ਦੇ ਸਨਮੁੱਖ ਲਿਆਉਣਾ, ਸ੍ਰੀ ਅਕਾਲ ਤਖਤ ਸਾਹਿਬ ਦੀ ਨਵ-ਉਸਾਰੀ, 26 ਜਨਵਰੀ 1996 ਨੂੰ ਹੋਇਆ ਸਰਬੱਤ ਖਾਲਸਾ ਸਮਾਗਮ, ਪੰਥਕ ਕਮੇਟੀ ਬਣਨਾ, ਰਾਜੀਵ-ਲੌਂਗੋਵਾਲ ਸਮਝੌਤੇ ਦਾ ਰੱਦ ਹੋਣਾ, ਕੁਝ ਅਜਿਹੇ ਵਿਸ਼ੇ ਹਨ, ਜਿਨ੍ਹਾਂ ਸੰਬੰਧੀ ਇਸ ਲਈ ਲਿਖਿਆ ਜਾ ਸਕਿਆ ਹੈ, ਕਿਉਂਕਿ ਉਹਨਾਂ ਘਟਨਾਕ੍ਰਮਾਂ ਵਿਚ ਸੇਧ ਦੇਣ ਦਾ ਅਵਸਰ ਇਸ ਲਿਖਾਰੀ ਦੇ ਹੱਥ ਆਇਆ ਸੀ। ਯਤਨ ਇਹ ਕੀਤਾ ਜਾ ਰਿਹਾ ਹੈ ਕਿ ਕੇਵਲ ਧੜੇ ਜਾਂ ਘ੍ਰਿਣਾ ਵੱਸ ਇਸ ਲਿਖਤ ਨੂੰ ਕਿਸੇ ਉਲ੍ਹਾਰਪਣ ਤੋਂ ਪੂਰਨ ਰੂਪ ਵਿਚ ਬਚਾਇਆ ਜਾਵੇ। ਪਰ ਇਹ ਯਤਨ ਕਿੱਥੋਂ ਤਾਈਂ ਸਫਲ ਹੈ, ਉਹ ਪਾਠਕ ਜਾਂ ਸਮਕਾਲੀ ਆਪ ਅਨੁਭਵ ਕਰ ਸਕਦੇ ਹਨ।

ਅਸਲ ਵਿਚ ਸਿੱਖ ਜਗਤ ਗੁਰੂ ਗੋਬਿੰਦ ਸਿੰਘ ਜੀ ਦੇ ਅੰਤਿਮ ਵਿਛੋੜੇ ਮਗਰੋਂ ਬਹੁਤ ਭਾਰੀ ਜ਼ਿੰਮੇਵਾਰੀਆਂ ਨੂੰ ਨਿਭਾਉਣ ਸਮੇਂ ਸਿਧਾਂਤਾਂ ਤੋਂ ਖਿੜਕ ਗਿਆ ਸੀ। ਸਦੀਆਂ ਬੀਤਣ ਬਾਅਦ ਅੱਜ ਦਾ ਸਿੱਖ ਜਾਂ ਖਾਲਸਾ ਆਪਣੇ ਟਕਸਾਲੀ ਰੂਪ ਵਿਚ ਕਿਧਰੇ ਵਿਰਲਾ ਹੀ ਮਿਲਦਾ ਹੈ। ਸੰਤ ਭਿੰਡਰਾਂਵਾਲਿਆਂ ਨੇ ਇਸ ਮਾਇਆਵਾਦੀ ਕਲਯੁਗ ਵਿਚ ਸਿੱਖੀ ਅਤੇ ਖਾਲਸਾਈ ਪ੍ਰੰਪਰਾ ਨੂੰ ਸੁਰਜੀਤ ਕਰਨ ਦਾ ਯਤਨ ਕੀਤਾ ਅਤੇ ਉਸ ਯਤਨ ਵਿਚ ਕੁਰਬਾਨ ਹੋ ਕੇ ਗੁਰੂ ਨਾਨਕ ਦੇਵ ਜੀ ਦੇ ਇਸ ਕਥਨ ਨੂੰ ਹੁਲਾਰਾ ਦੇ ਗਏ _

ਜਉ ਤਉ ਪ੍ਰੇਮ ਖੇਲਣ ਕਾ ਚਾਉ।।
ਸਿਰੁ ਧਰਿ ਤਲੀ ਗਲੀ ਮੇਰੀ ਆਉ।। (ਪੰਨਾ 1412)

ਸੰਤ ਕਰਤਾਰ ਸਿੰਘ ਜੀ ਭਿੰਡਰਾਂਵਾਲਿਆਂ ਨੇ ਸ਼ਬਦ ਗੁਰੂ ਨੂੰ ਢਾਹ ਲਾਉਣ ਵਾਲੇ ਨਿਰੰਕਾਰੀਆਂ ਵਿਰੁੱਧ ਯੁੱਧ ਛੇੜਿਆ। ਜਦ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੇ ਉਸੇ ਲੜੀ ਨੂੰ ਅੱਗੇ ਤੋਰਿਆ ਤਾਂ ਗੱਲ ਬਹੁਤ ਵਧ ਗਈ।

ਜਦ ਮੈਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਸਾਂ ਤਾਂ ਉਥੇ ਕਾਨੂੰਨ ਵਿਭਾਗ ਦੇ ਇਕ ਲੈਕਚਰਾਰ ਦੀ ਗਰਦਨ 'ਤੇ ਇਕ ਗਿਲਟੀ ਹੋ ਗਈ। ਨਿੱਕੇ-ਮੋਟੇ ਓੜ੍ਹ-ਪੋੜ੍ਹ ਕਈ ਦਿਨ ਕਰਨ ਪਿਛੋਂ, ਨਿੱਕੇ ਜਿਹੇ ਅਪਰੇਸ਼ਨ ਰਾਹੀਂ ਗਿਲਟੀ ਕਢਵਾਉਣ ਲਈ ਉਹ ਸੱਜਣ ਹਸਪਤਾਲ ਚਲੇ ਗਏ। ਤਿਆਰੀ ਇਹ ਕਰਕੇ ਗਏ ਕਿ ਗਿਲਟੀ ਕਢਵਾ ਤੇ ਪੱਟੀ ਕਰਵਾ, ਉਹ ਛੇਤੀ ਹੀ ਘਰ ਪਰਤ ਆਉਣਗੇ। ਬੜੇ ਨਾਮੀ ਸਰਜਨ ਨੇ ਜਦ ਗਿਲਟੀ ਨੂੰ ਨਛਤਰ ਲਾਇਆ ਤਾਂ ਉਸ ਦੀਆਂ ਜੜ੍ਹਾਂ ਵਿਚ ਕੈਂਸਰ ਸੀ।

(ਬਾਕੀ ਅਗਲੇ ਸਫੇ 'ਤੇ)

# ਬੁੱਧ, ਸਿੱਖੀ, ਕਮਿਊਨਿਯਮ ਅਤੇ ਅੰਬੇਡਕਰਇਜ਼ਯਮ



ਹਰਦੀਪ ਸਿੰਘ ਚੁੰਬਰ
91-94636-01616

ਤਥਾਗਤ ਸਿਧਾਰਥ ਗੋਤਮ ਜਿਸ ਨੂੰ ਬੁੱਧ ਵੀ ਕਿਹਾ ਜਾਂਦਾ ਹੈ ਨੇ ਵੀ 2500 ਸਾਲ ਪਹਿਲਾਂ ਬਰਾਬਰਤਾ ਦੇ ਸਿਧਾਂਤ ਦਿਤੇ ਸਨ ਜਿਸ ਨੂੰ ਮੌਰੀਆ ਵੰਸ ਰਾਜਾ ਅਸ਼ੋਕ ਨੇ ਲਾਗੂ ਕੀਤਾ ਅਤੇ ਵਿਸ਼ਵ ਵਿੱਚ ਫੈਲਾਇਆ।ਅੱਜ ਵੀ ਵਿਸ਼ਵ ਦੇ 35-35 ਵੱਡੇ ਛੋਟੇ ਦੇਸ਼ ਬੋਧੀ ਹਨ। ਚੀਨ ਵਰਗਾ ਵਿਸ਼ਾਲ ਦੇਸ਼ ਵਿਸ਼ਵ ਵਿਚ ਤਾਕਤ ਦਾ ਲੋਹਾ ਮਨਵਾ ਰਿਹਾ ਹੈ। ਇਕ ਬੰਜਰ, ਪਹਾੜੀ ਸਮੁੰਦਰ ਨਾਲ ਘਿਰੇ ਟਾਪੂ ਦੇਸ਼, ਵਿਸ਼ਵ ਯੁੱਧ ਵਿੱਚ ਤਬਾਹ ਹੋਣ ਵਾਲੇ ਜਪਾਨ ਕੋਲੋਂ ਮਹਾਨ ਕਹਾਉਣ ਵਾਲਾ ਦੇਸ਼ ਲੱਖਾਂ ਕਰੋੜ ਕਰਜਾ ਲੈ ਰਿਹਾ ਹੈ, ਟੈਕਨਾਲੋਜੀ ਲੈ ਰਿਹਾ ਹੈ। ਇਹ ਮਾਨਵ ਹਿਤ ਸਿਧਾਂਤਾ ਨੂੰ ਲਾਗੂ ਕਰਕੇ ਹੀ ਸੰਭਵ ਹੋ ਪਾਇਆ ਹੈ। ਮੌਰੀਆ ਕਾਲ ਵਿੱਚ ਭਾਰਤ ਕੋਈ ਕਰੀਬ ਡੇਢ ਸੌ ਸਾਲ ਗਣਤੰਤਰ ਰਾਜ ਬਣਿਆ ਰਿਹਾ। ਆਖਰੀ ਮੌਰੀਆ ਸ਼ਾਸ਼ਕ ਬ੍ਰੈਦਰਥ ਦਾ ਕਤਲ ਕਰ ਗਣਤੰਤਰ ਨੂੰ ਖਤਮ ਕਰ ਦਿਤਾ। ਸੁੰਗ ਕਾਲ ਸੁਰੂ ਹੋਇਆ। ਪੁਸ਼ਪ ਮਿਤਰ ਸੁੰਗ ਨੇ ਬ੍ਰਾਹਮਣੀਕਲ ਪੱਖਪਾਤੀ ਸਿਧਾਂਤਾਂ ਨੂੰ ਲਾਗੂ ਕੀਤਾ ਅਤੇ ਰਾਜਾਸ਼ਾਹੀ ਦੀ ਸਥਾਪਨਾ ਕੀਤਾ। ਜਾਤੀਗਤ ਸਮਾਜ ਨੂੰ ਪੱਕੇ ਤੌਰ ਤੇ ਸਥਾਪਤ ਕਰਨ ਲਈ ਬਹੁਤ ਹੀ ਗੰਦੇ ਮਾਨਵ ਵਿਰੋਧੀ ਕਾਨੂੰਨ ਲਾਗੂ ਕੀਤੇ। 15 ਸਦੀ ਵਿੱਚ ਸੁਰੂ ਹੋਏ ਸਿੱਖ ਧਰਮ ਦੇ ਸਾਰੇ ਹੀ ਗੁਰੂਆਂ ਨੇ ਭੇਦਭਾਵ ਮਿਟਾ ਕੇ ਸਭ ਲਈ ਇਕੋ ਸਥਾਨ ਉਤੇ ਇਕੱਠੇ ਬੈਠ ਕੇ ਸੰਗਤ ਕਰਨਾ, ਇਕੋ ਲਾਈਨ ਵਿੱਚ ਬੈਠਕੇ ਲੰਗਰ ਸ਼ਕਣਾ, ਬਨਾਉਣਾ, ਇੱਕਠਿਆ ਇਕੋ ਸਰੋਵਰ ਵਿੱਚ ਨਹਾਉਣਾ, ਇਕੋ ਹੀ ਢੰਗ ਨਾਲ ਪਾਠ (ਪੂਜਾ ਨਹੀਂ) ਕਰਨ, ਇਕੋ ਢੰਗ ਦੇ ਬਸਤਰ, ਰਹਿਣੀ ਬਹਿਣੀ, ਸਿੱਖਿਆ ਸਭ ਲਈ ਇਕੋ ਜਿਹੇ ਸਿਧਾਂਤ ਲਾਗੂ ਕੀਤੇ। ਜਾਤੀਆਂ ਵਰਣਾ ਵਿੱਚ ਵੰਡੇ ਸਮਾਜ ਨੂੰ ਗੁਰੂ ਸਾਹਿਬ ਦਾ ਮਿਸ਼ਨ ਬਹੁਤ ਵੱਡਾ ਇਨਕਲਾਬੀ ਕੰਮ ਕੀਤਾ ਸੀ। "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" ਦੇ ਕੇਵਲ ਪ੍ਰਵਚਨ ਹੀ ਨਹੀਂ ਦਿਤੇ ਇਸ ਸਿਧਾਂਤ ਨੂੰ ਲਾਗੂ ਵੀ ਕੀਤਾ।

ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਆਨੰਦਪੁਰ ਵਿਖੇ ਕੇਸਗੜ੍ਹ ਸਾਹਿਬ ਵਿਖੇ 1699 ਵਿਚ ਇਕ ਓਪਨ ਏਅਰ ਦੀਵਾਨ ਦਾ ਆਯੋਜਨ ਕੀਤਾ ਗਿਆ। ਗੁਰੂ ਜੀ ਨੇ ਆਪਣੀ ਤਲਵਾਰ ਖਿੱਚੀ ਅਤੇ ਗਰਜਦੀ ਆਵਾਜ਼ ਵਿੱਚ ਕਿਹਾ, "ਮੈਨੂੰ ਇੱਕ ਸਿਰ ਚਾਹੀਦਾ ਹੈ, ਕੋਈ ਹੈ ਜੋ ਮੈਨੂੰ ਪੇਸ਼ਕਸ਼ ਕਰ ਸਕਦਾ ਹੈ?" ਇਕ ਇਕ ਕਰਕੇ ਪੰਜ ਵੱਖ ਵੱਖ ਇਲਾਕਿਆਂ ਅਤੇ ਜਾਤੀਆਂ ਦੇ ਦੂਰ ਦਰਾਡੇ ਤੋ ਆਏ ਬਹਾਦਰਾਂ ਨੇ ਗੁਰੂ ਨੂੰ ਸਿਰ ਦੇਣ ਦੀ ਪੇਸ਼ਕਸ ਕੀਤੀ ਜਿਹਨਾਂ ਨੂੰ ਅਮ੍ਰਿਤ ਸੰਚਾਰ ਕਰਾ ਕੇ ਖਾਲਸਾ ਸਾਜਿਆ ਗਿਆ।

ਉਹਨਾਂ ਦਾ ਨਾਮ ਦਯਾ ਰਾਮ ਤੋਂ ਦਇਆ ਸਿੰਘ, ਧਰਮ ਦਾਸ ਤੋਂ ਧਰਮ ਸਿੰਘ, ਮੋਹਕਮ ਚੰਦ ਤੋਂ ਮੋਹਕਮ ਸਿੰਘ, ਹਿੰਮਤ ਚੰਦ ਨੂੰ ਹਿੰਮਤ ਸਿੰਘ, ਅਤੇ ਸਾਹਿਬ ਚੰਦ ਨੂੰ ਸਾਹਿਬ ਸਿੰਘ ਰੱਖਿਆ ਗਿਆ। ਫਿਰ ਗੁਰੂ ਜੀ ਨੇ ਉਨ੍ਹਾਂ ਨੂੰ ਸਰਵ ਉੱਤਮ, ਮੁਕਤਿਆਂ, ਸ਼ੁੱਧ ਪੁਰਖ ਵਜੋਂ ਸੰਬੋਧਿਤ ਕੀਤਾ ਅਤੇ ਉਨ੍ਹਾਂ ਨੂੰ ਖਾਲਸ ਕਿਹਾ।

ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ, ਚਰਨ ਪਾਹਲ ਦਾ ਅਰੰਭ ਦਾ ਰਿਵਾਜਿਕ ਰੂਪ ਸੀ। ਲੋਕਾਂ ਨੇ ਉਹ ਪਾਣੀ ਪੀਣਾ ਸੀ ਜੋ ਗੁਰੂ ਦੇ ਪੈਰਾਂ ਜਾਂ ਪੈਰਾਂ ਨਾਲ ਛੂਹਿਆ ਜਾਂ ਧੋਤਾ ਗਿਆ ਹੁੰਦਾ ਸੀ। ਗੁਰੂ ਜੀ ਨੇ ਉਨ੍ਹਾਂ ਨੂੰ ਪੰਜ ਨਵੇਂ ਵਫ਼ਾਦਾਰ ਸਿੱਖਾਂ ਨੂੰ ਖੜੇ ਹੋਣ ਲਈ ਕਹਿ ਕੇ ਆਪਣੇ ਨਵੇਂ ਆਦੇਸ਼ (ਖੰਡੇ ਦੀ ਪਾਹੁਲ) ਦੀ ਸ਼ੁਰੂਆਤ ਕੀਤੀ। ਇਸ ਤਰ੍ਹਾਂ ਇਕੋ ਕਟੋਰੇ ਵਿਚੋਂ ਪੰਜ ਸਿੰਘਾਂ ਨੂੰ ਅੰਮ੍ਰਿਤ ਛਕਾਇਆ ਗਿਆ. ਉਸਤੋਂ ਬਾਅਦ ਉਹਨਾਂ ਨੇ ਉਹਨਾਂ ਨੂੰ ਖਾਲਸੇ ਦੀ ਜਾਤ-ਰਹਿਤ ਭਾਈਚਾਰੇ ਪ੍ਰਤੀ ਅਰੰਭ ਕਰਨ ਲਈ ਉਸੇ ਕਟੋਰੇ ਤੋਂ ਅੰਮ੍ਰਿਤ ਛਕਣ ਲਈ ਕਿਹਾ। ਪੰਜਾਂ ਸਿੰਘਾਂ ਨੇ ਗੁਰੂ ਦੁਆਰਾ ਇਸ ਤਰੀਕੇ ਨਾਲ ਬਪਤਿਸਮਾ ਲਿਆ ਜੋ ਫਿਰ ਉਹਨਾਂ ਨੂੰ ਪੰਜ ਪਿਆਰੇ ਕਹਿੰਦੇ ਹਨੀ ਇਹ ਵੀ ਇਸ ਜਾਤੀ ਰਹਿਤ ਸਮਾਜ ਦੀ ਸਥਾਪਨਾ ਕਰਨਾ ਮਕਸਦ ਸੀ। ਸਤ੍ਹਾ ਸ਼ਕਤੀ ਦਾ ਕੇਂਦਰੀ ਕਰਨ ਨੂੰ ਨਕਾਰਦੇ ਪੰਜ ਸਿੰਘਾਂ ਨੂੰ ਤਾਕਤ ਦਿਤੀ। ਪੰਚ ਪ੍ਰਧਾਨੀ ਦੇ ਸਿਧਾਂਤ ਨੂੰ ਲਾਗੂ ਕਰਨ ਦੇ ਹੁਕਮ ਦਿਤੇ। ਸ਼੍ਰੀ ਗੁਰੂ ਗਰੰਥ ਸਾਹਿਬ ਨੂੰ ਗੁਰੂ ਮੰਨ ਕੇਵਲ ਉਸੇ ਤੋਂ ਸੇਧ ਲੈਣ ਦੇ ਹੁਕਮ ਦਿਤੇ।

ਗੁਰੂ ਜੀ ਨੇ ਆਪਣੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾਉਣ ਤੋਂ ਬਾਅਦ, ਉਹ ਬੇਨਤੀ ਵਿਚ ਖੜੇ ਹੋਏ ਅਤੇ ਹੱਥ ਜੋੜ ਕੇ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਉਸ ਨੂੰ ਉਸੇ ਤਰ੍ਹਾਂ ਬਪਤਿਸਮਾ ਦਿਓ ਜਿਵੇਂ ਉਸਨੇ ਉਨ੍ਹਾਂ ਨੂੰ ਬਪਤਿਸਮਾ ਦਿੱਤਾ ਸੀ। ਉਹ ਆਪ ਉਨ੍ਹਾਂ ਦਾ ਚੇਲੇ ਬਣ ਗਏ (ਹੈਰਾਨੀਜਨਕ ਗੁਰੂ ਗੋਬਿੰਦ ਸਿੰਘ, ਖੁਦ ਮਾਲਕ ਅਤੇ ਖੁਦ ਇਕ ਚੇਲਾ ਹਨ)। ਇਹ ਸਭ ਊਚਨੀਚ ਜਾਤਪਾਤ ਦੇ ਭੇਦ ਨੂੰ ਖਤਮ ਕਰਨ ਦੀ ਗੁਰੂ ਜੀ ਨੇ 300 ਸਾਲ ਪਹਿਲਾਂ ਪਹਿਲ ਕੀਤੀ ਸੀ। ਸਭ ਸਿੱਖਾਂ ਕਕਾਰ ਅਤੇ ਪਵਿੱਤਰਤਾ ਰਖਣ ਦੇ ਨਾਲ ਸਭ ਨੂੰ ਆਪਸੀ ਰਿਸ਼ਤੇ ਬਨਾਉਣ ਦੀ ਗਲ ਕਹੀ ਸੀ।

ਹਰ ਲੈਕਚਰ ਵਿਚ ਬਾਬਾ ਸਾਹਿਬ ਦਾ ਨਾਂ ਹਮੇਸ਼ਾ ਹੀ ਕਨ੍ਹਈਆ ਕੁਮਾਰ ਦੇ ਮੂੰਹ ਵਿੱਚੋ ਸੁਣਿਆ ਜਾਂਦਾ ਹੈ, ਉਹ ਤਾਰੀਫ ਵੀ ਕਰਦਾ ਹੈ, ਪਰ ਬਾਬਾ ਸਾਹਿਬ ਦੇ ਰਾਹ ਨੂੰ ਅਪਣਾ ਨਹੀਂ ਰਿਹਾ। ਬਾਬਾ ਸਾਹਿਬ ਦੇ ਰਸਤੇ ਨੂੰ ਕਨ੍ਹਈਆ ਕੁਮਾਰ ਵਲੋ ਨਾਂ ਚੁਣਨ ਦਾ ਕਾਰਨ ਸਮਝ ਵਿੱਚ ਨਹੀਂ ਆਉਂਦਾ। ਬਾਬਾ ਸਾਹਿਬ ਨੇ ਕਮਿਉਨਿਸ਼ਟਾਂ ਦਾ ਰਾਹ ਨਹੀ ਅਪਣਾਇਆ, ਇਕ ਵਾਰ ਚੈਲਿੰਜ ਵੀ ਕੀਤਾ ਕਿ ਜਿੰਨਾ ਭਾਰਤ ਦੇ ਸਾਰੇ ਕਾਮਰੇਡਾਂ ਨੇ ਕਮਿਊਨਿਯਮ ਪੜ੍ਹਿਆ ਹੈ, ਉਸ ਨਾਲੋ ਵੱਧ ਉਹਨਾਂ ਇੱਕ-ਲਿਆਂ ਹੀ ਪੜ੍ਹ ਲਿਆ ਹੈ, ਉਹ ਇਸ ਨੂੰ ਉਹਨਾ ਨਾਲੋਂ ਵੱਧ



ਨਹੀਂ ਜਾਣਦੇ। ਕੀ ਬਾਬਾ ਸਾਹਿਬ ਦਾ ਨਾਂ ਵਰਤ ਕੇ ਕਨ੍ਹਈਆ ਕੁਮਾਰ ਦਾ ਦਲਿਤ ਲੋਕਾਂ ਨੂੰ ਕਾਮਰੇਡਾਂ ਦੀ ਝੋਲੀ ਪਾਉਣ ਦਾ ਮਕਸਦ ਹੈ ? ਬਾਬਾ ਸਾਹਿਬ ਦੇ ਮਰਨ ਦੇ ਬਾਅਦ ਬਾਬਾ ਸਾਹਿਬ ਦੀ ਸੋਚ ਅਤੇ ਪਾਰਟੀ ਨਾਲੋ ਜਿਨਾਂ ਦੂਰ ਹਿੰਦੂਵਾਦੀ ਪਾਰਟੀਆਂ ਨੇ ਨਹੀਂ ਕੀਤਾ ਉਸ ਨਾਲੋ ਵੱਧ ਦਲਿਤਾਂ ਨੂੰ ਦਲਿਤ ਰਾਜਨੀਤਿਕ ਪਾਰਟੀਆਂ ਤੋਂ ਦੂਰ ਕਰਨ ਦਾ ਕੰਮ ਕਮਿਊਨਿਸ਼ਟਾਂ ਨੇ ਕੀਤਾ ਹੈ। ਭਾਰਤੀ ਉੱਚ ਵਰਗ ਦੇ ਲੋਕ ਸੀਪੀਆਈ, ਸੀਪੀਐਮ ਜਾਂ ਹੋਰ ਪਾਰਟੀਆਂ ਵਿਚ ਹੁੰਦੇ ਹੋਏ, ਸਾਹਿਬ ਕਾਂਸੀ ਰਾਮ ਦੀ ਮੂਵਮੈਂਟ ਦਾ ਸਭ ਨਾਲੋਂ ਵੱਡਾ ਵਿਰੋਧ ਖੜਾ ਕਰਦੇ ਦੁਸ਼ਮਣ ਮੰਨਦੇ ਰਹੇ ਹਨ। ਕੋਈ ਬਹੁਤੀ ਪੁਰਾਣੀ ਗਲ ਨਹੀਂ ਅਸੀਂ ਖੁਦ ਦੇਖਿਆ ਵੀ ਹੈ, ਵਿਰੋਧ ਝੱਲਿਆ ਵੀ ਹੈ। ਕਾਮਰੇਡ, ਜਾਤੀਵਾਦ ਦੇ ਸ਼ਿਕਾਰ ਹੋਣ ਵਾਲਿਆਂ ਨੂੰ ਅਤੇ ਉਹਨਾਂ ਦੇ ਪਾਰਟੀਆਂ ਨੂੰ ਹੀ ਜਾਤੀਵਾਦੀ ਰਾਜਨੀਤੀ ਕਰਨ ਦੇ ਦੋਸ਼ੀ ਸਾਬਤ ਕਰਨ ਦਾ ਪੂਰਾ ਟਿੱਲ ਲਾਉਂਦੇ ਰਹੇ ਹਨ। ਕਈ ਕਈ ਦਹਾਕੇ ਬੰਗਾਲ, ਕੇਰਲ ਵਿਚ ਰਾਜ ਕਰਨ ਉਪਰੰਤ ਵੀ ਬਾਕੀ ਰਾਜਾਂ ਨਾਲੋ ਉਹਨਾਂ ਰਾਜਾਂ ਦੇ ਆਰਥਿਕ, ਸਮਾਜਿਕ, ਰਾਜਨੀਤਿਕ ਹਾਲਤ ਵਿਚ ਬਹੁਤ ਅੰਤਰ ਨਜ਼ਰ ਨਹੀਂ ਆਉਂਦਾ।

ਕਮਿਊਨਿਜਮ ਅਤੇ ਅੰਬੇਡਕਰਇਜ਼ਮ ਵਿੱਚ ਅੰਤਰ ਹੈ, ਕਮਿਊਨਿਜਮ ਉਸ ਭਾਰਤ ਦੇ ਬਾਹਰੀ ਸਮਾਜ ਵਿਚੋਂ ਉਪਜਿਆ ਹੈ ਜਿੱਥੇ ਜਾਤੀਵਾਦ ਦੀ ਸਮੱਸਿਆ ਨਹੀ ਰਹੀ ਹੈ। ਭਾਰਤ ਦੀ ਵਿਵਸਥਾ ਵਿੱਚ ਆਰਥਿਕ, ਸਮਾਜਿਕ, ਰਾਜਨੀਤਿਕ ਅਤੇ ਮੁੱਢਲੇ ਅਧਿਕਾਰਾਂ ਦੇ ਹੱਕਾਂ ਨੂੰ ਵਰਗ ਵਿਸ਼ੇਸ ਲਈ ਰਾਖਵਾਂ ਬਣਾਇਆ ਹੋਇਆ ਰਿਹਾ ਹੈ। ਇਹ ਵਿਵਸਥਾ ਹਜਾਰਾਂ ਸਾਲਾਂ ਤੋਂ ਪੱਕਿਆਂ ਤੌਰ ਤੇ ਸਥਾਪਿਤ ਕਰ ਰਖੀ ਰਹੀ ਹੈ। ਪੜ੍ਹਨ, ਰਾਜ ਕਰਨ, ਕਾਰੋਬਾਰ ਜਮੀਨ ਜਾਇਦਾਦ ਧਨ ਦੌਲਤ ਰਖਣ ਦਾ ਅਧਿਕਾਰ ਉਪਰ ਵਾਲੇ ਤਿੰਨ ਵਰਣਾ ਦੇ ਆਰੀਆ ਲੋਕਾਂ ਦੇ ਵਰਗਾਂ ਨੂੰ ਹੀ ਸੀ। ਬਾਕੀ ਕੰਮ ਕਾਰ ਖੇਤੀ ਬਾੜੀ ਅਤੇ ਸਹਾਇਕ ਧੰਦੇ ਚੌਥੇ ਵਰਣ ਦੇ ਬੈਕਵਰਡ ਸਮਾਜ ਹਿੱਸੇ ਸਨ। ਗੰਦਮੰਦ ਆਦਿ ਦੀ ਸਾਫ ਸਫਾਈ ਦੇ ਕੰਮ ਆਵਰਣ, ਅਛੂਤ ਸਮਾਜ ਦੇ ਹਿੱਸੇ ਰਹੇ ਹਨ। ਇਸ ਵਿਵਸਥਾ ਦੀ ਉਲੰਘਣਾ ਕਰਨ ਉਤੇ ਮੌਜੂਦਾ ਅਰਬ ਦੇ ਕਾਨੂੰਨਾਂ ਨਾਲੋ ਕਠੋਰ ਸਜਾਵਾਂ ਦਾ ਪ੍ਰਤੀਬਧ ਰਿਹਾ ਹੈ। ਜਿਸ ਵੀ ਰਾਜ, ਰਾਜਾ, ਧਾਰਮਿਕ, ਰਾਜਨੀਤਿਕ, ਸਮਾਜਿਕ ਵਿਵਸਥਾ ਨੇ ਇਸ ਨੂੰ ਬਦਲਣ ਦੀ ਕੋਸ਼ਿਸ ਕੀਤੀ, ਹਿੰਦੂਵਾਦ ਉਸ ਦਾ ਸਖਤ ਵਿਰੋਧ ਕਰਦਾ ਆ ਰਿਹਾ ਹੈ। ਜਿਸ ਨੇ ਇਹਨਾਂ ਹਿੰਦੂਵਾਦੀ ਕਾਨੂੰਨਾਂ ਨੂੰ ਅਪਣਾਕੇ ਰਾਜ ਕੀਤਾ ਉਹ ਲੰਮਾ ਸਮਾ ਰਾਜ ਕਰਦੇ ਰਹੇ ਹਨ।

ਭਾਰਤ ਨੂੰ ਅਜਾਦ ਹੋਣ ਤੋਂ ਬਾਅਦ ਭਾਰਤੀਆਂ ਨੇ ਲੁੱਟਿਆ ਅਤੇ ਲੱਟ ਕੇ ਧਨ ਵਿਦੇਸ਼ਾਂ ਵਿਚ ਲੈ ਜਾਣ ਦਾ ਅਪਰਾਧ ਵਿਦੇਸ਼ੀਆਂ ਨਾਲੋ ਵੱਧ ਕੀਤਾ ਹੀ ਹੋ ਸਕਦਾ ਹੈ। ਇਸ ਵਿੱਚ ਸਾਰੇ ਵਰਗ ਹੋ ਸਕਦੇ ਹਨ, ਪਰ ਕੁੱਝ ਜਾਤੀ ਅਤੇ ਵੱਰਗ ਵਿਸ਼ੇਸ ਦਾ ਖਾਸ ਰੋਲ ਨਜ਼ਰ ਆ ਰਿਹਾ ਹੈ। ਨੇੜੇ ਭੂਤਪੂਰਵ ਸ਼ਾਸ਼ਨਿਕ ਕੰਮ ਕਾਰ ਦੇ ਅੰਕ-ੜਆ ਨੂੰ ਦੇਖਦੇ ਹੋਏ ਉਧਾਰਨ ਅੰਗਰੇਜ਼ ਸ਼ਾਸਨ ਦੀ ਹੀ ਲਈ ਜਾ ਸਕਦੀ ਹੈ, ਉਹ ਪ੍ਰਸ਼ਾਸਸ਼ਨਿਕ ਤੌਰ ਤੇ ਇਮਾਨਦਾਰ, ਰਾਜਨੀਤਿਕ ਤੌਰ ਤੇ ਸਮਰਥ, ਜੰਤਕ ਕੰਮਾ ਦੀ ਇਮਾਨਦਾਰ ਸੋਚ ਵਿੱਚ ਭਾਰਤੀਆਂ ਨਾਲੋਂ ਵੱਧ ਇਮਾਨਦਾਰ ਕਹੇ ਜਾ ਸਕਦੇ ਹਨ। ਫਿਰ ਕੀ ਲੋੜ ਪਈ ਸੀ ਅੰਗਰੇਜੋ ਭਾਰਤ ਛੱਡੋ ਅੰ-ਦੋਲਨ ਦੀ। ਲੋੜ ਸੀ ਭਾਰਤ ਦੀ ਹਜਾਰਾਂ ਸਾਲਾਂ ਦੀ ਸਮਾਜਿਕ ਵਿਵਸਥਾ ਨੂੰ ਚਣੌਤੀ ਦੇਣ ਵਾਲੇ ਰਾਜ ਨੂੰ ਖਤਮ ਕਰਨਾਂ। ਲੋੜ ਸੀ ਅੰਗਰੇਜੀ ਰਾਜ ਦੇ ਸਹੂਲਤਾਂ ਅਤੇ ਸਮਾਜ ਸੁਧਾਰ ਦੇ ਕੰਮਾਂ ਕਾਰਨ ਭਾਰਤੀ ਹਿੰਦੂਆਂ ਦੀ ਗਿਣਤੀ ਵਧਾਉਣ ਵਜੋਂ ਗਿਣੇ ਜਾਣ ਵਾਲੇ ਲੋਕ ਕ੍ਰਿਸ਼ਚੀਅਨ ਧਰਮ ਵੱਲ ਜਾਣ ਲਗ ਪਏ ਸਨ। ਲੋੜ ਸਿਰਫ ਭਾਰਤ ਦਾ ਸਤ੍ਹਾ ਦੀ ਚਾਬੀ ਲੈਣ ਦੀ ਹੀ ਨਹੀਂ ਸੀ ਤਾਂ ਜੋ ਵਰਣਵਾਦੀ ਸਮਾਜ ਨੂੰ ਬਣਾਏ ਰਖਿਆ ਜਾਵੇ। ਦੇਸ਼ ਦੀ ਵੰਡ ਦਾ ਕਾਰਨ ਵੀ ਇਹੋ ਸੀ, ਕਿ ਹਿੰਦੂਵਾਦੀ ਸਤ੍ਹਾ ਦੀ ਚਣੌਤੀ ਨੂੰ ਹਮੇਸ਼ਾ ਲਈ ਖਤਮ ਕਰ ਦਿਤਾ ਜਾਵੇ। ਹਜਾਰਾਂ ਸਾਲ ਰਾਜ ਕਰਨ ਵਾਲੇ ਮੁਸਲਮਾਨ ਵੀ ਇਸੇ ਹੀ ਬਿਮਾਰੀ ਦਾ ਸ਼ਿਕਾਰ ਸਨ। ਉਹ ਵੀ ਸਤ੍ਹਾ ਪ੍ਰਾਪਤੀ ਅਤੇ ਉਸ ਨੂੰ ਪੱਕੇ ਤੌਰ ਤੇ ਬਣਾਕੇ ਰਖਣ ਲਈ ਪਰਪੱਕ ਸਨ। ਇਸੇ ਹੀ ਕਾਰਨ ਦੋਨਾਂ ਹੀ ਧਰਮ ਦੇ ਮੋਢੀਆਂ ਦੀ ਉਤੇਜਨਾ ਅਤੇ ਮੂਕ ਸਹਿਮਤੀ ਨੇ ਭਾਰਤ ਨੂੰ ਖੰਡਤ ਕਰ ਦਿਤਾ। ਦੋਨੋ ਹੀ ਧਾਰਮਿਕ ਸੋਚ ਵਾਲੇ ਆਗੂ ਬਾਬਾ ਸਾਹਿਬ ਦੀ ਸੋਚ ਵਾਲੀ ਸਮਾਜਿਕ ਬਰਾਬਰੀ ਨੂੰ ਨਕਾਰਦੇ ਹੋਏ ਸਤ੍ਹਾ ਦੀ ਵਾਗਡੋਰ ਲੈ ਆਪਣੇ ਹੀ ਢੰਗ ਨਾਲ ਦੇਸ਼ ਨੂੰ ਚਲਾਉਣਾ ਚਾਹੁੰਦੇ ਸਨ। ਉਹ ਅੰਗਰੇਜਾਂ ਤੋਂ ਅਜਾਦੀ ਲੈਣਾ ਚਾਹੁੰਦੇ ਸਨ, ਵਿਵਸਥਾ ਵਿੱਚ ਪੁਰਾਤਨ ਬ੍ਰਹਮਣੀਕਲ ਬਣਏ ਰਖਣਾ ਅਤੇ ਹਜਾਰਾਂ ਸਾਲਾ ਦੇ ਗੁਲਾਮ ਅਛੂਤ ਵਰਗ ਨੂੰ ਆਪਣੀ ਹੀ ਇੱਛਾ ਅਨੂਸਾਰ ਰਖਣਾ ਚਾਹੁੰਦੇ ਸਨ। ਇਸ ਸਮੇ ਬਾਬਾ ਸਾਹਿਬ ਦਾ ਹੋਣਾ ਅਤੇ ਸਾਰੇ ਨੇਤਾਵਾਂ ਨਾਲੋਂ ਵਿਦਵਾਨ ਹੋਣਾ ਨੇ ਪਾਣੀ ਫੇਰਦੇ ਹੋਏ ਭਾਰਤ ਦੀ ਵਿਵਸਥਾ ਨੂੰ ਬਦਲ ਕੇ ਰੱਖ ਦਿਤਾ। ਸਮਾਜ ਦੀ ਵਰਣ ਵਿਵਸਥਾ ਦੇ ਸ਼ਿਕਾਰ ਹੋਏ ਵਰਗ ਦੀ ਅਵਾਜ ਉਠ-ਾਉਣ ਵਾਲੇ ਅੰਬੇਡਕਰ ਅਤੇ ਉਸ ਦੇ ਸਹਾਇਕ ਲੋਕਾਂ ਦੀ ਅਜਾਦ ਸੋਚ ਨੂੰ ਵੀ ਦੋਨੋ ਚਣੌਤੀ ਮੰਨਦੇ ਸਨ। ਹਿੰਦੂਵਾਦ ਸਮਤਾ, ਸਮਾਨਤਾ, ਭਾਈਚਾਰਾ, ਬਰਾਬਰਤਾ ਨੂੰ ਨਕਾਰਨ ਦਾ ਸਿਧਾਂਤ ਰਿਹਾ ਹੈ।

ਕਮਿਊਨਿਸਟਾਂ ਨੇ ਵੀ ਦੇਸ਼ ਦੇ ਸੁਤੰਤਰਤਾ ਸੰਗਰਾਮ 'ਤੇ ਬਹੁਤ ਘੱਟ ਪ੍ਰਭਾਵ ਪਾਇਆ ਸੀ ਕਿਉਂਕਿ ਉਨ੍ਹਾਂ ਦੀ ਵਿਚਾਰਧਾਰਾ ਅਤੇ ਸੰਘਰਸ਼ ਵਿਧੀ ਭਾਰਤ ਦੇ ਲੋਕਾਂ ਦੇ ਅਨੁਕੂਲ ਨਹੀਂ ਸੀ। ਕ-ਮਊਨਿਸਟ ਪਾਰਟੀ ਅਤੇ ਵਿਅਕਤੀਗਤ ਕਮਿਊਨਿਸਟ ਨੇਤਾ 1885 ਵਿਚ ਅਮਲੀ ਤੌਰ 'ਤੇ ਕਿਤੇ ਵੀ ਨਹੀਂ ਸਨ, ਜਦੋਂ ਇੰਡੀਅਨ ਨੈਸ਼ਨਲ ਕਾਂਗਰਸ ਦੀ ਸਥਾਪਨਾ ਹੋਈ ਸੀ ਅਤੇ ਇਸ ਤੋਂ ਕਾਫ਼ੀ ਲੰਬੇ ਸਮੇਂ ਬਾਅਦ 1924 ਤਕ, ਜਦੋਂ ਉਸ ਸਾਲ ਦੇ ਸਤੰਬਰ ਵਿਚ ਸੱਤਿਆ ਭੱਟ ਨੇ ਕਮਿਊਨਿਸਟ ਪਾਰਟੀ ਆਫ਼ ਇੰਡੀਆ ਦੀ ਸਥਾਪਨਾ ਕੀਤੀ ਸੀ। ਪਾਰਟੀ ਦਾ ਉਦੇਸ਼ ਦੇਸ਼ ਲਈ ਪੂਰਨ ਸਵਰਾਜ ਲਈ ਸੰਘਰਸ਼ ਕਰਨਾ ਸੀ ਜਿਸ ਵਿਚ ਉਤਪਾਦਨ ਅਤੇ ਵੰਡ ਦੇ ਸਾਰੇ ਢੰਗਾਂ 'ਤੇ ਸਾਂਝੀ ਮਾਲਕੀ ਹੋਵੇਗੀ। ਇਨ੍ਹਾਂ ਦੀ ਵਰਤੋਂ ਜਨਤਾ ਦੀ ਭਲਾਈ ਲਈ ਕੀਤੀ ਜਾਏਗੀ। ਕਮਿਊਨਿਸਟਾਂ ਨੇ ਅਹਿੰਸਾ ਦੇ ਗਾਂਧੀਵਾਦੀ ਫ਼ਲਸਫ਼ੇ ਨੂੰ ਰੱਦ ਕਰ ਦਿੱਤਾ ਅਤੇ 1925 ਵਿਚ ਕੋਮਿਇੰਟਰਨ ਦੇ ਨਿਯੰਤਰਣ ਤੋਂ ਆਜ਼ਾਦੀ ਦੀ ਇੱਛਾ ਜ਼ਾਹਰ ਕੀਤੀ।

ਉਨ੍ਹਾਂ ਨੇ ਸਪੱਸ਼ਟ ਕਰ ਦਿੱਤਾ ਕਿ ਉਹ ਉਨ੍ਹਾਂ ਦੇ ਅਧੀਨ ਨਹੀਂ ਸਨ। ਉਹ ਚਾਹੁੰਦੇ ਸਨ ਕਿ ਕਾਂਗਰਸ ਪਾਰਟੀ ਦੇ ਪ੍ਰੋਗਰਾਮਾਂ ਵਿਚ ਇਨਕਲਾਬੀ ਤਬਦੀਲੀਆਂ ਲਿਆਉਣੀਆਂ ਚਾਹੀਦੀਆਂ ਹਨ। ਉਹ ਕਾਂਗਰਸ ਅਤੇ ਸਵਰਾਜ ਪਾਰਟੀ ਦੋਵਾਂ ਦੀ ਆਲੋਚਨਾ ਕਰਦੇ ਸਨ। ਉਨ੍ਹਾਂ ਅਪੀਲ ਕੀਤੀ ਕਿ ਕਾਂਗਰਸ ਪਾਰਟੀ ਨੂੰ ਹਿੰਸਕ ਜਨਤਕ ਕਾਰਵਾਈ ਦੀ ਨੀਤੀ 'ਤੇ ਚੱਲਣਾ ਚਾਹੀਦਾ ਹੈ ਅਤੇ ਆਤਮ ਸਮਰਪਣ ਅਤੇ ਸਮਝੌਤਾ ਕਰਨ ਦੀ ਨੀਤੀ ਨੂੰ ਰੱਦ ਕਰਨਾ ਚਾਹੀਦਾ ਹੈ।

ਭਾਰਤ ਵਿਚ ਕਮਿਊਨਿਸਟ ਅਹਿੰਸਾ ਜਾਂ ਅਹਿੰਸਾ ਦੀ ਸਹਾਇਤਾ ਨਾਲ ਨਹੀਂ ਬਲਕਿ ਹਿੰਸਕ ਤਰੀਕਿਆਂ ਦੀ ਵਰਤੋਂ ਨਾਲ ਭਾਰਤ ਦੀ ਪੂਰੀ ਆਜ਼ਾਦੀ ਦੇ ਹੱਕ ਵਿਚ ਸਨ। ਉਹ ਚਾਹੁੰਦੇ ਸਨ ਕਿ ਸਾਰੀਆਂ ਬ੍ਰਿਟਿਸ਼ ਫੈਕਟਰੀਆਂ ਜ਼ਬਤ ਕੀਤੀਆਂ ਜਾਣ ਅਤੇ ਫਿਰ ਕੌਮੀਕਰਨ ਕੀਤਾ ਜਾਵੇ। ਜ਼ਬਤ ਕੀਤੀਆਂ ਗਈਆਂ ਜਮੀਨਾਂ ਅਤੇ ਭੂਮੀਪਤੀਆਂ ਅਤੇ ਹੋਰ ਉੱਚ ਕਲਾਸਾਂ ਦੀਆਂ ਹੋਰ ਸੰਪਤੀਆਂ ਲਈ ਕੋਈ ਮੁਆਵਜ਼ਾ ਨਹੀਂ ਦਿੱਤਾ ਜਾਣਾ ਚਾਹੀਦਾ। ਉਨ੍ਹਾਂ ਨੇ ਬੈਂਕਾਂ, ਰੇਲਵੇ ਅਤੇ ਹੋਰ ਸਾਰੇ ਵੱਡੇ ਉਦਯੋਗਾਂ ਦੇ ਰਾਸ਼ਟਰੀਕਰਨ ਦਾ ਪੱਖ ਪੂਰਿਆ ਕਿਹਾ ਸਾਰੇ ਕਰਜ਼ੇ, ਉਨ੍ਹਾਂ ਦੇ ਅਨੁਸਾਰ, ਰੱਦ ਕੀਤੇ ਜਾਣੇ ਚਾਹੀਦੇ ਹਨ। ਘੱਟ ਗਿਣਤੀਆਂ ਨੂੰ ਸਵੈ-ਨਿਰਣੇ ਦਾ ਅਧਿਕਾਰ ਹੋਣਾ ਚਾਹੀਦਾ ਹੈ ਅਤੇ ਪੁਸਤੈਨੀ ਰਾਜਾਂ ਨੂੰ ਖਤਮ ਕੀਤਾ ਜਾਣਾ ਚਾਹੀਦਾ ਹੈ। ਇਹਨਾ ਹੀ ਕਾਰਨਾ ਕਰਕੇ 23 ਜੁਲਾਈ, 1934 ਨੂੰ ਇਸ ਨੇ ਪਾਰਟੀ ਦੇ ਕੰਮਕਾਜ ਉੱਤੇ ਪਾਬੰਦੀ ਲਗਾਈ।

ਬਾਬਾ ਸਾਹਿਬ ਭਲੀਭਾਂਤੀ ਜਾਣਦੇ ਸਨ ਕਿ ਆਰਥਿਕ ਬਰਾਬਰੀ ਬੇਸ਼ਕ ਬਹੁਤ ਹੀ ਜਰੂਰੀ ਹੈ, ਪਰ ਇਹ ਸਮਾਜਿਕ ਬਰਾਬਰੀ ਦੀ ਗਰੰਟੀ ਨਹੀਂ ਦੇ ਸਕਦੀ। ਭਾਰਤੀ ਵਿਤਕਰੇਵਾਦੀ ਸਮਾਜਿਕ ਵਿਵਸਥਾ ਕਾਰਨ ਬਹੁਤ ਵਾਰ ਵਿਦਵਾਨ, ਆਰਥਿਕ ਤੌਰ ਤੇ ਮਜਬੂਤ ਹੋਣ ਦੇ ਨਾਤੇ ਵੀ ਬਾਬਾ ਸਾਹਿਬ ਨੂੰ ਉੱਚ ਵਰਗ ਦੀਆਂ ਜਿਆਦਤਾਈਆਂ ਦਾ ਸ਼ਿਕਾਰ ਹੋਣ ਪੈਂਦਾ ਰਿਹਾ ਸੀ, ਜੋ ਅੱਜ ਦੇ ਹਾਲਾਤਾਂ ਵਿੱਚ ਵੀ ਬਹੁਤ ਵਾਰ ਦੇਖਣ ਨੂੰ ਮਿਲ ਜਾਂਦਾ ਹੈ। ਇਸ ਨੂੰ ਅਣਦੇਖਿਆ ਕਰ ਕੇਵਲ ਆਰਥਿਕ ਬਰਾਬਰਤਾ ਨੂੰ ਕੇਂਦਰਿਤ ਰਖਣਾ ਜਾਤੀਵਾਦੀ ਵਿਵਸਥਾ ਨੂੰ ਮੂਕ ਸਹਿਮਤੀ ਦੇਣਾ ਕਿਹਾ ਜਾ ਸਕਦਾ ਹੈ। ਭਾਰਤ ਵਿਚ ਕਮਿਊਨਿਸਟ ਦੇ ਰਾਜ ਪ੍ਰਬੰਧਨ ਵੀ ਇਸ ਜਾਤੀਵਾਦ ਦੇ ਜਿੰਨ ਨੂੰ ਖਤਮ ਕਰਨ ਵਿਚ ਅਸਫਲ ਰਿਹਾ ਹੈ। ਬਾਬਾ ਸਾਹਿਬ ਨੇ ਧਰਮ, ਜਾਤੀ, ਰਾਜਨੀਤੀ, ਆਰਥਿਕਤਾ, ਬਰਾਬਰੀ, ਭਾਈਚਾਰੇ ਨੂੰ ਭਾਰਤੀ ਸਮਾਜ ਦੇ ਅਟੁੱਟ ਅੰਗ ਮੰਨਦੇ ਹੋਏ ਸਭ ਨੂੰ ਨਜ਼ਰ ਵਿੱਚ ਰਖਦੇ ਸੰਵਿਧਾਨ ਬਣਾਇਆ।

1956 ਵਿੱਚ ਉਹਨਾ ਬੁੱਧ ਧਰਮ ਅਪਣਾਇਆ।ਸੰਵਿਧਾਨ ਨੂੰ ਉਹਨਾਂ ਦੀ ਫਿਲਾਸਫੀ ਕਹਿਣਾ ਠੀਕ ਰਹੇਗਾ। ਅੱਜ ਦੇ ਦੌਰ ਦੇ ਭਾਰਤੀ ਕਮਿਊਨਿਜਮ ਦੇ ਰਾਹੀ ਬਾਬਾ ਸਾਹਿਬ ਨੂੰ ਮੰਨਣ ਲਗੇ ਹਨ, ਉਹਨਾ ਦੇ ਘੜੇ ਸੰਵਿਧਾਨ ਨੂੰ ਮੰਨਣ ਲਗੇ ਹਨ। 70-80 ਦੇ ਦਹਾਕੇ ਵਾਲੇ ਵਿਰੋਧ ਨਹੀਂ ਰਹੇ। ਇਹ ਭਾਰਤ ਦੇ ਸਮਾਜ ਦੇ ਭਵਿੱਖ ਲਈ ਬਹੁਤ ਹੀ ਵਧੀਆ ਸੰਕੇਤ ਹੈ। ਮਾਨਵਤਾ ਦੀ ਭਲਾਈ ਲਈ ਕੰਮ ਕਰਦੇ ਦੋ ਫਿਲਾਸ਼ਫੀਆਂ ਦੇ ਪਹਿਰੇਦਾਰ ਦੋਨਾਂ ਨੂੰ ਜੋੜ ਕੇ ਕੰਮ ਕਰਨ ਦੇ ਰਾਹ ਉਤੇ ਆਉਂਦੇ ਦਿਖਦੇ ਹਨ। ਲੋੜ ਹੈ ਬਾਬਾ ਸਾਹਿਬ ਦੀ ਨਜ਼ਰ ਨਾਲ ਭਾਰਤ ਨੂੰ ਦੇਖਣ ਦੀ ਉਸੇ ਸੇਧ ਵਿੱਚ ਕੰਮ ਕਰਨ ਦੀ।

# 'ਭਾਈਆ ਯਾਰੀ ਨਿਭਾਈਂ'

ਡਾਕਟਰ ਦੀ ਮੁਸ਼ਕਿਲ ਇਹ ਬਣੀ ਕਿ ਉਹ ਕੈਂਸਰ ਦੀਆਂ ਜੜ੍ਹਾਂ ਵਿਚੇ ਛੱਡ ਕੇ ਮਰੀਜ਼ ਦਾ ਜ਼ਖ਼ਮ ਸੀਅ ਨਹੀਂ ਸੀ ਸਕਦਾ। ਮਜਬੂਰੀ ਵੱਸ ਪੰਜ ਘੰਟੇ ਮਰੀਜ਼ ਟੇਬਲ 'ਤੇ ਰਿਹਾ ਤੇ ਡਾਕਟਰ ਕੈਂਸਰ ਦੀਆਂ ਜੜ੍ਹਾਂ ਕੱਢਦਾ ਰਿਹਾ। ਅੰਤ ਅਪਰੇਸ਼ਨ ਟੇਬਲ ਉੱਤੇ ਹੀ ਮਰੀਜ਼ ਦੀ ਮੌਤ ਹੋ ਗਈ। ਬਤੌਰ ਪਬਲਿਕ ਰਿਲੇਸ਼ਨਜ਼ ਅਫ਼ਸਰ ਮੈਨੂੰ ਯੂਨੀਵਰਸਿਟੀ ਤੋਂ ਜਾ ਕੇ ਉਸ ਦੀ ਦੇਹ ਲਿਆਉਣੀ ਪਈ ਅਤੇ ਫਰੀਦਕੋਟ ਜ਼ਿਲ੍ਹੇ ਵਿਚ ਉਸ ਦੇ ਪਰਿਵਾਰ ਦੇ ਹਵਾਲੇ ਕਰਨ ਲਈ ਜਾਣਾ ਪਿਆ।

ਜਾਪਦਾ ਹੈ ਸੰਤ ਭਿੰਡਰਾਂਵਾਲਿਆਂ ਨੇ ਸ਼ਬਦ ਗੁਰੂ ਨੂੰ ਲੱਗੇ ਰੋਗ ਦਾ ਅਪਰੇਸ਼ਨ ਕਰਦਿਆਂ ਸਾਰੇ ਪੰਥ ਨੂੰ ਲੱਗਾ ਕੈਂਸਰ ਰੋਗ ਨੰਗਾ ਕਰ ਮਾਰਿਆ ਹੈ। ਇੱਥੇ ਮਰੀਜ਼ ਦੇ ਮਰਨ ਦੀ ਸੰਭਾਵਨਾ ਇਸ ਕਰਕੇ ਨਹੀਂ, ਕਿਉਂਕਿ ਸ਼ਬਦ ਗੁਰੂ ਸਿਧਾਂਤ ਜੀਵਿਤ ਹੈ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਸੁਰੱਖਿਅਤ ਹੈ। ਆਉਣ ਵਾਲੇ ਲੰਮੇ ਸਮੇਂ ਤਾਈਂ ਇਸ ਨੂੰ ਕੋਈ ਖਤਰਾ ਨਹੀਂ।

ਮਹਾਨ ਬੁੱਧੀਜੀਵੀ ਜਾਰਜ ਬਰਨਾਰਡ ਸ਼ਾਹ ਨੇ, ਆਪਣੇ ਇਕ ਨਾਟਕ "ਸੇਂਟ ਜੌਨਜ਼" ਵਿਚ, ਉਸ ਦੇਵੀ ਨੂੰ ਸਾੜ ਦੇਣ ਦਾ ਵਰਨਣ ਕਰਦਿਆਂ, ਅੰਤ ਵਿਚ ਦੋ ਦਰਸ਼ਕਾਂ ਵੱਲੋਂ ਆਪਸੀ ਗੱਲਬਾਤ ਵਿਚ ਇਹ ਸ਼ਬਦ ਵਰਤੇ ਹਨ, "ਦੇਖੋ ਉਸ ਦਾ ਜਿਸਮ ਸੜ ਗਿਆ ਪਰ ਦਿਲ ਨਹੀਂ ਸੜਿਆ।" ਕੁਝ ਇਸੇ ਤਰ੍ਹਾਂ ਅਜੋਕੇ ਸਿੱਖ ਪੰਥ ਦਾ ਵਰਤਾਰਾ ਹੁੰਦਾ ਜਾਪਦਾ ਹੈ। ਸਿੱਖੀ ਦਾ ਦਿਲ ਭਾਵ "ਗੁਰਬਾਣੀ" ਅਟੱਲ ਹੈ ਅਤੇ ਇਸ ਦੇ ਅੰਨ੍ਹੇ ਅਤੇ ਝੂਠੇ ਸਮੱਰਥਕਾਂ ਨੂੰ ਢਾਹ ਲੱਗਣੀ ਵੀ ਅਟੱਲ ਜਾਪਦੀ ਹੈ। ਕੁਝ ਇਸੇ ਤਰ੍ਹਾਂ ਸਾਕਾ ਨੀਲਾ ਤਾਰਾ ਦਾ ਵਰਤਾਰਾ ਸਭ ਦੇ ਸਾਹਮਣੇ ਹੈ।

ਅਕਾਲ ਤਖਤ ਸਾਹਿਬ ਦੀ ਇਮਾਰਤ ਢਹਿ ਗਈ ਅਤੇ ਸੜ ਗਈ, ਪਰ ਮੀਰੀ ਪੀਰੀ ਦਾ ਸਿਧਾਂਤ ਕਾਇਮ ਹੀ ਨਹੀਂ ਰਿਹਾ, ਸਗੋਂ ਪੂਰਨ ਰੂਪ ਵਿਚ ਸਮੁੱਚੇ ਸਿੱਖ ਜਗਤ ਦੀ ਸੋਝੀ ਦਾ ਹਿੱਸਾ ਬਣ ਗਿਆ ਹੈ। ਉਪਰੋਕਤ ਦਰਜ ਸਾਰੇ ਪਾਪੀ ਨਾ ਧਾਰਮਿਕ ਹਨ ਤੇ ਨਾ ਹੀ ਕਿਸੇ ਸਚਾਈ ਤੇ ਸੇਵਾ ਦਾ ਲੜ ਫੜ ਕੇ ਲੋਕਾਂ ਦੇ ਦੁਖ ਦਰਦ ਦੇ ਭਾਈਵਾਲ ਬਣਨਾ ਲੋਚਦੇ ਹਨ। ਇਨ੍ਹਾਂ ਦਾ ਕੇਵਲ ਤੇ ਕੇਵਲ ਇਕੋ ਹੀ ਨਿਸ਼ਾਨਾ ਅਤੇ ਆਪਸੀ ਸਾਂਝ ਹੈ ਕਿ ਵਧ ਤੋਂ ਵਧ ਮਾਇਆ ਹੜੱਪੋ, ਚੌਧਰ ਮਾਣੋ ਤੇ ਹਰ ਉਹ ਜ਼ੁਲਮ ਕਰੋ ਜੋ ਇਨ੍ਹਾਂ ਨਿਸ਼ਾਨਿਆਂ ਦੀ ਪ੍ਰਾਪਤੀ ਦੇ ਰਾਹ ਵਿਚ ਰੋੜਾ ਹਨ। ਮੈਂ ਸਵਾਸ ਸਵਾਸ ਧੰਨਵਾਦੀ ਹਾਂ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੇ ਵਿਸ਼ਵਾਸ ਦਾ, ਜਿਨ੍ਹਾਂ ਨੇ ਮੇਰੇ ਨਾਲ ਆਪਣੀ ਆਖਰੀ ਮੀਟਿੰਗ ਅਤੇ ਆਪਣੇ ਜਥੇ ਦੀ ਇਕ ਮੀਟਿੰਗ ਦੇ ਖਾਤਮੇ 'ਤੇ ਮੈਨੂੰ ਕਿਹਾ ਸੀ "ਭਾਈਆ ਯਾਰੀ ਨਿਭਾਈਂ", ਜਿਸ ਦਾ ਚਰਚਾ ਸੰਤਾਂ ਦੀ ਵਸੀਹਤ ਸਿਰਲੇਖ ਅਧੀਨ ਇਸ ਕਿਤਾਬ ਵਿਚ ਦਰਜ ਹੈ ਅਤੇ ਉਸ ਯਾਰੀ ਦੀ ਨਿਮਾਣੀ ਜਿਹੀ ਦੇਣ ਹੈ, ਇਹ ਕਿਤਾਬ। **(ਸਮਾਪਤ)**



ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ

ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮ ਤੁਮ੍ਹਾਰੇ ਲੇਖੇ ॥
ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨ ਦੇਖੇ ॥

## ਸਤਿਗੁਰੂ ਰਵਿਦਾਸ ਜੀ ਦੇ 643ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ

ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ (ਕੈਲੇਫੋਰਨੀਆ) ਦੀ ਸਮੂਹ ਪ੍ਰਬੰਧਕ ਕਮੇਟੀ ਦੁਆਰਾ ਸ੍ਰੀ ਗੁਰੂ ਰਵਿਦਾਸ ਜੀ ਦਾ 643ਵਾਂ ਪ੍ਰਕਾਸ਼ ਦਿਹਾੜਾ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਅਸੀਂ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਲੱਖ-ਲੱਖ ਧੰਨਵਾਦੀ ਹਾਂ ਜਿਹਨਾਂ ਨੇ ਤਿੰਨੇ ਦਿਨ ਗੁਰੂ ਘਰ ਹਾਜ਼ਰੀਆਂ ਭਰ ਕੇ ਪ੍ਰਕਾਸ਼ ਦਿਹਾੜਾ ਸ਼ਰਧਾ ਪੂਰਵਕ ਅਤੇ ਪੂਰਨ ਉਤਸ਼ਾਹ ਨਾਲ ਮਨਾਉਣ ਲਈ ਸਾਡੀ ਹੌਸਲਾ ਅਫਜ਼ਾਈ ਕੀਤੀ।



**ਸਤਨਾਮ ਸਿੰਘ**
**ਨੰਗਲ ਕਲਾਂ**
**ਸਾਬਕਾ ਵਾਈਸ ਸਕੱਤਰ**
**Sri Guru Ravidass Temple Yuba City**

## 20ਵੇਂ ਗਦਰੀ ਮੇਲੇ ਸਬੰਧੀ ਭਾਈਚਾਰੇ ਵਲੋਂ ਮਿਲ ਰਿਹੈ ਭਰਪੂਰ ਹੁੰਗਾਰਾ- ਅਣਖੀ



**ਫਰਿਜ਼ਨੋਂ (ਕੁਲਵੀਰ ਹੇਅਰ)–** ਇੰਡੋ ਅਮੈਰਿਕਨ ਹੈਰੀਟੇਜ ਫੋਰਮ ਫਰਿਜ਼ਨੋਂ ਵਲੋਂ 29 ਮਾਰਚ ਦਿਨ ਐਤਵਾਰ ਨੂੰ ਕਰਵਾਏ ਜਾਣ ਵਾਲੇ 20ਵੇਂ ਗਦਰੀ ਬਾਬਿਆਂ ਦੇ ਮੇਲੇ ਨੂੰ ਭਾਰਤੀ ਭਾਈਚਾਰੇ ਵਲੋਂ ਭਰਪੂਰ ਹੁੰਗਾਰਾ ਮਿਲ ਰਿਹਾ ਹੈ। ਇਸ ਸਬੰਧੀ ਗੱਲ ਕਰਦਿਆਂ ਫੋਰਮ ਦੇ ਮੋਢੀ ਗੁਰਦੀਪ ਸਿੰਘ ਅਣਖੀ ਨੇ ਦੱਸਿਆ ਕਿ ਇਹ 20ਵਾਂ ਮੇਲਾ ਕਾਲੇ ਪਾਣੀ ਦੇ ਮਹਾਨ ਸਹੀਦਾਂ ਅਤੇ ਦੇਸ਼ ਦੇ ਹੋਰ ਸ਼ਹੀਦਾਂ ਸਮਰਪਿਤ ਹੈ ਅਤੇ ਇਸ ਸਬੰਧੀ ਹਰ ਵਰਗ ਜਿਵੇਂ ਖੇਡ, ਧਾਰਮਿਕ, ਸੱਭਿਆਚਾਰਕ ਸੰਸਥਾਵਾਂ ਅਤੇ ਆਮ ਲੋਕਾਂ ਵਲੋਂ ਹਰ ਤਰ੍ਹਾਂ ਦਾ ਸਹਿਯੋਗ ਦਿੱਤਾ ਜਾ ਰਿਹਾ ਹੈ। ਉਹਨਾਂ ਦੱਸਿਆ ਕਿ ਇਸ 20ਵੇਂ ਮੇਲੇ ਵਿਚ ਮੁੱਖ ਮਹਿਮਾਨ ਤੇ ਬੁਲਾਰੇ ਵਜੋਂ ਸਹੀਦ ਭਗਤ ਸਿੰਘ ਦਾ ਭਾਣਜਾ ਪ੍ਰੋ. ਜਗ-ਮੋਹਨ ਸਿੰਘ ਹੋਣਗੇ। ਵਿਸ਼ੇਸ਼ ਮਹਿਮਾਨ ਸ. ਜਰਨੈਲ ਸਿੰਘ ਅੱਚਰਵਾਲ ਅਤੇ ਡਾ. ਅਮਰਜੀਤ ਸਿੰਘ ਮਰਵਾਹਾ ਹੋਣਗੇ। ਇਸ ਤੋਂ ਇਲਾਵਾ ਸਥਾਨਕ ਸੱਭਿਆਚਾਰਕ ਸੰਸਥਾਵਾਂ ਦੇ ਬੱਚਿਆਂ ਵਲੋਂ ਸੱਭਿਆਚਾਰਕ ਪ੍ਰੋਗਰਾਮ ਕੀਤੇ ਜਾਣਗੇ ਅਤੇ ਖਾਸ ਤੌਰ ਤੇ ਬੱਚਿਆਂ ਵਲੋਂ ਗੀਤ, ਕਵਿਤਾ ਅਤੇ ਹੋਰ ਆਈਟਮਾਂ ਪੇਸ਼ ਕੀਤੀਆਂ ਜਾਣਗੀਆਂ ਅਤੇ ਵਿੱਦਿਆ ਵਿਚ ਚੰਗੇ ਨੰਬਰਾਂ ਤੇ ਪਾਸ ਹੋਣ ਵਾਲੇ ਬੱਚਿਆਂ ਨੂੰ ਵਿਸ਼ੇਸ਼ ਇਨਾਮ ਦਿੱਤੇ ਜਾਣਗੇ।ਇਸ ਮੌਕੇ ਲਗਾਈ ਜਾਣ ਵਾਲੀ ਫੋਟੋ ਪ੍ਰਦਰਸ਼ਨੀ ਵੀ ਖਿੱਚ ਦਾ ਕੇਂਦਰ ਬਣੇਗੀ। ਸਥਾਨਕ ਗਾਇਕ ਸੱਤੀ ਪਾਬਲਾ, ਹਰਜੀਤ ਸਿੰਘ ਸ਼ੇਰਗਿਲ ਮਰਸਿਡ ਅਤੇ ਰਾਜ ਬਰਾੜ ਵਲੋਂ ਗੀਤਾਂ ਰਾਹੀਂ ਦੇਸ਼ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ ਜਾਵੇਗੀ। ਇਹ ਮੇਲਾ ਪਿਛਲੇ ਸਾਲ ਦੀ ਤਰਾਂ ਇਹ ਮੇਲਾ ਸੈਂਟਰਲ ਹਾਈ ਸਕੂਲ 3535 ਨੋਰਥ ਕੋਰਨੀਲੀਆ (ਫਰਿਜ਼ਨੋਂ) ਵਿਖੇ 29 ਮਾਰਚ 2020, ਦਿਨ ਐਤਵਾਰ ਦੁਪਿਹਰ 12 ਵਜੇ ਤੋਂ ਸ਼ਾਮ 6 ਵਜੇ ਤੱਕ ਹੋਵੇਗਾ।।ਚਾਹ ਅਤੇ ਪਕੌੜਿਆਂ ਦਾ ਖਾਸ ਪ੍ਰਬੰਧ ਹੋਵੇਗਾ ਅਤੇ ਕਾਰ ਪਾਰਕਿੰਗ ਮੁਫਤ ਹੋਵੇਗੀ। ਵਧੇਰੇ ਜਾਣਕਾਰੀ ਲਈ 559-287-0822 ਤੇ ਕਾਲ ਕੀਤੀ ਜਾ ਸਕਦੀ ਹੈ।

## ਸ੍ਰੀ ਦੇਸ ਰਾਜ ਬੰਗੜ ਦਾ ਇਟਲੀ 'ਚ ਸਨਮਾਨ




**ਫਰਿਜ਼ਨੋ (ਬਿਊਰੋ)–** ਪਿਛਲੇ ਦਿਨੀਂ ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਕੈਲੇਫੋਰ-ਨੀਆ) ਦੇ ਸਟੇਜ ਸਕੱਤਰ ਦੇਸ ਰਾਜ ਬੰਗੜ ਯੂਰਪ 'ਚ ਗਏ। ਇਸ ਦੌਰਾਨ ਉਹਨਾਂ ਸ੍ਰੀ ਗੁਰੂ ਰਵਿਦਾਸ ਟੈਂਪਲ ਵਿਚੈਂਸਾ (ਇਟਲੀ) ਵਿਖੇ ਨਤਮਸਤਕ ਹੋ ਕੇ ਆਪਣੇ ਵਿਚਾਰ ਸਾਂਝੇ ਕੀਤੇ। ਜਿੱਥੇ ਉਹਨਾਂ ਦੇ ਵਿਚਾਰਾਂ ਤੋਂ ਪ੍ਰਭਾਵਿਤ ਹੋ ਕੇ ਉਥੋਂ ਦੀ ਸਭਾ ਅਤੇ ਸੰਗਤ ਨੇ ਬਹੁਤ ਸਲਾਹਿਆ ਤੇ ਆਸ ਪ੍ਰਗਟਾਈ ਕਿ ਇਸੇ ਤਰ੍ਹਾਂ ਵਿਸ਼ਵ ਪੱਧਰ 'ਤੇ ਸ੍ਰੀ ਗੁਰੂ ਰਵਿਦਾਸ ਸਭਾਵਾਂ ਦੇ ਨੁਮਾਇੰਦੇ ਆਉਂਦੇ-ਜਾਂਦੇ ਰਹਿਣ ਤੇ ਜਿੱਥੇ ਆਪਸੀ ਵਿਚਾਰਾਂ ਦਾ ਆਦਾਨ-ਪ੍ਰਦਾਨ ਹੋਵੇਗਾ, ਉਥੇ ਧੰਨ ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀਆਂ ਸਿੱਖਿਆਵਾਂ ਦਾ ਫੈਲਾਅ ਹੋਵੇਗਾ। ਸਭਾ ਵੱਲੋਂ ਸ੍ਰੀ ਦੇਸ ਰਾਜ ਬੰਗੜ ਦਾ ਮਾਣ ਪੱਤਰ ਨਾਲ ਸਨਮਾਨ ਵੀ ਕੀਤਾ ਗਿਆ। ਯਾਦ ਰਹੇ ਸ੍ਰੀ ਬੰਗੜ ਜਿੱਥੇ ਇਕ ਪ੍ਰਭਾਵੀ ਬੁਲਾਰੇ ਹਨ, ਉਥੇ ਇਕ ਚੰਗੇ ਲਿਖਾਰੀ ਵੀ ਹਨ।



**CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ**
**AAA Truck Wash, Tire, and Lube**
**Call: 650-642-0697** 3525 Highway 99, West Corning, CA 96021



Aashian Travel
Your Travel Expert Since 2001
Airline Tickets & Hotel Bookings, Vacation & Cruise Packages
WE OFFER PILGRIMAGE TO ALL GURDWARAS IN PAKISTAN
WE DO VISA
Australia, USA, UK, Canada,
China, India, Nepal & Thailand.
DELTA
QATAR
Lufthansa
BRITISH AIRWAYS
Emirates
CATHAY PACIFIC
TURKISH AIRLINES
AA
JASWANT MEHMI
559.250.3310
1.877.755.7476 • WWW.AASHIANTRAVEL.COM
Fresno, Los Angeles, San Francisco, Bakersfield, New York, Phoenix, Denver, Seattle, New Delhi & Pathankot




KB USED
AUTO SALES
8655 B Monterey Street Gilroy, CA 95020
Kashmiri Bhatia,
Dealer/Broker
408-848-2365
50% OFF WARRANTY
with Qualifying Car Purchase
IN HOUSE
FINANCING AVALIABLE
www. kbusedautosales.com
ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ
Kashmiri Bhatia & his wife
K&K AUTO REPAIR
and Car Wash
63 Muckelemi St
San Juan Bautista 95045
Kashmiri Bhatia (Owner)
831-623-4702
20% OFF LABOUR
on your next qualifying service
Car Care You Can Trust





ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ

# ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ

## ਦੇ 643 ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ

# 20ਵਾਂ ਮਹਾਨ ਨਗਰ ਕੀਰਤਨ

ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ, ਸੈਕਰਾਮੈਂਟੋ ਵਿਖੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਸਜਾਇਆ ਜਾ ਰਿਹਾ ਹੈ। ਹਰ ਸਾਲ ਦੀ ਤਰਾਂ ਇਸ ਵਾਰ ਵੀ ਵਿਸ਼ਾਲ ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿਚ

**8 ਮਾਰਚ 2020 ਦਿਨ ਐਤਵਾਰ ਸਵੇਰੇ 11 ਵਜੇ ਤੋਂ ਸ਼ਾਮ ਤੱਕ ਸਜਾਇਆ ਜਾ ਰਿਹਾ ਹੈ।**

## ਪ੍ਰੋਗਰਾਮਾਂ ਦਾ ਵੇਰਵਾ

6 ਮਾਰਚ ਦਿਨ ਸ਼ੁਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ। ਜਿਨ੍ਹਾਂ ਦੇ ਭੋਗ 8 ਮਾਰਚ ਦਿਨ ਐਤਵਾਰ ਨੂੰ ਸਵੇਰੇ 8 ਵਜੇ ਪਾਏ ਜਾਣਗੇ। 6,7 ਅਤੇ 8 ਮਾਰਚ ਤਿੰਨੋ ਦਿਨ ਮਹਾਨ ਕੀਰਤਨ ਦੀਵਾਨ ਸਜਾਏ ਜਾਣਗੇ। ਜਿਨ੍ਹਾਂ ਵਿਚ ਭਾਈ ਸਰਬਜੀਤ ਸਿੰਘ ਰੰਗੀਲਾ ਦੁਰਗ ਵਾਲੇ, ਭਾਈ ਨਿਰਮਲ ਸਿੰਘ ਨਾਗਪੁਰੀ, ਗੁਰੂਘਰ ਦਾ ਹਜ਼ੂਰੀ ਰਾਗੀ ਜੱਥਾ ਭਾਈ ਜਸਪਾਲ ਸਿੰਘ ਜੀ, ਭਾਈ ਗੁਰਦੀਪ ਸਿੰਘ ਜੀ ਅਤੇ ਭਾਈ ਅਮਰਜੀਤ ਸਿੰਘ ਜੀ ਕੀਰਤਨ ਨਾਲ ਨਿਹਾਲ ਕਰਨਗੇ। ਸਿੱਖ ਜਗਤ ਦੇ ਹੋਰ ਮਹਾਨ ਕੀਰਤਨੀਏ ਅਤੇ ਢਾਡੀ ਜੱਥੇ ਸੰਗਤਾਂ ਨੂੰ ਕੀਰਤਨ ਅਤੇ ਗੁਰੂ ਇਤਿਹਾਸ ਨਾਲ ਨਿਹਾਲ ਕਰਨਗੇ।

**ਸ੍ਰੀ ਨਿਸ਼ਾਨ ਸਾਹਿਬ ਦੇ ਚੋਲਾ ਸਾਹਿਬ ਦੀ ਸੇਵਾ 7 ਮਾਰਚ ਦਿਨ ਸ਼ਨੀਵਾਰ ਬਾਅਦ ਦੁਪਹਿਰ ਨੂੰ ਹੋਵੇਗੀ।**



ਭਾਈ ਜਸਪਾਲ ਸਿੰਘ ਜੀ / ਭਾਈ ਗੁਰਦੀਪ ਸਿੰਘ ਜੀ ਭਾਈ ਅਮਰਜੀਤ ਸਿੰਘ ਜੀ | ਭਾਈ ਸਰਬਜੀਤ ਸਿੰਘ ਰੰਗੀਲਾ | ਭਾਈ ਨਿਰਮਲ ਸਿੰਘ ਨਾਗਪੁਰੀ | ਭਾਈ ਜਸਪਾਲ ਸਿੰਘ ਸਾਰੰਗ | ਭਾਈ ਅੰਮ੍ਰਿਤਪਾਲ ਸਿੰਘ | ਭਾਈ ਜਗਜੀਤ ਸਿੰਘ ਯੋਗੀ | ਢਾਡੀ ਸੁਖਵਿੰਦਰ ਸਿੰਘ ਗਰੇਵਾਲ

**ਵਧੇਰੇ ਜਾਣਕਾਰੀ ਲਈ ਸੰਪਰਕ ਕਰੋ।**

ਸ੍ਰੀ ਰਾਜ ਬੱਧਨ ( ਮੁੱਖ ਸੇਵਾਦਾਰ ) - 916 601 3842 / ਸ੍ਰੀ ਤੇਜਪਾਲ ਵਿਰਕ ( ਚੈਅਰਮੈਨ ) - 916 912 5678 / ਸ੍ਰੀ ਇੰਦਰਜੀਤ ਪੜਬੱਗਾ ( ਜਨਰਲ ਸਕੱਤਰ ) - 916 276 2538

**ਸਟਾਲਾਂ ਦੀ ਬੁਕਿੰਗ ਲਈ ਸੰਪਰਕ ਕਰੋ।**

ਸ੍ਰੀ ਹਰਬੰਸ ਰੱਲ : 916 472 5170 / ਸ੍ਰੀ ਅਵਤਾਰ ਸਿੱਧੂ : 916 717 4223

ਗੁਰੂਘਰ ਦਾ ਫੋਨ ਨੰਬਰ - 916 992 1710

GARV ਪੰਜਾਬ HD A Punjabi TV Channel

## Shri Guru Ravidass Temple

6221 16Th Street, Rio Linda, California 95673

PUNJABI MEDIA USA

**For New Building Fund and all other inquires please Contact us @ 916 992 1710**

ਪਰਾਧੀਨਤਾ ਪਾਪ ਹੈ ਜਾਣ ਲਿਓ ਰੇ ਮੀਤ
ਰਵਿਦਾਸ ਦਾਸ ਪ੍ਰਾਧੀਨ ਕੌ ਕੌਣ ਕਰੈ ਹੈ ਪ੍ਰੀਤ

# ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਕੈਲੇਫੋਰਨੀਆ)






ਗੁਰੂ ਪਿਆਰੀ ਸਾਧ ਸੰਗਤ ਜੀ

ਆਪ ਸਭ ਨੂੰ ਇਹ ਜਾਣ ਕੇ ਬਹੁਤ ਹੀ ਖੁਸ਼ੀ ਹੋਵੇਗੀ ਕਿ ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਵਿਖੇ ਸਤਿਗੁਰੂ ਰਵਿਦਾਸ ਜੀ ਦਾ 643ਵਾਂ ਪ੍ਰਕਾਸ਼ ਦਿਹਾੜਾ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਬੜੀ ਹੀ ਸ਼ਰਧਾ ਅਤੇ ਧੂੰਮ-ਧਾਮ ਨਾਲ ਮਨਾਇਆ ਜਾ ਰਿਹਾ ਹੈ।

## ਪ੍ਰੋਗਰਾਮਾਂ ਦਾ ਵੇਰਵਾ

ਸ੍ਰੀ ਅਖੰਡ ਪਾਠ ਸਾਹਿਬ 28 ਫਰਵਰੀ 2020 ਦਿਨ ਸ਼ੁੱਕਰਵਾਰ ਨੂੰ ਸਵੇਰੇ 10 ਵਜੇ ਰੱਖੇ ਜਾਣਗੇ ਅਤੇ ਭੋਗ 1 ਮਾਰਚ 2020 ਦਿਨ ਐਤਵਾਰ ਨੂੰ ਸਵੇਰੇ 10 ਵਜੇ ਪਾਏ ਜਾਣਗੇ।

ਭੋਗ ਉਪਰੰਤ ਭਾਰੀ ਦੀਵਾਨ ਸਜਾਏ ਜਾਣਗੇ। ਇਸ ਮੌਕੇ ਡਾ. ਸਤਨਾਮ ਬੰਗੜ ਅਤੇ ਉਹਨਾਂ ਦੀ ਸੁਪਤਨੀ ਡਾ. ਪ੍ਰੋਮਿਲਾ ਬੰਗੜ ਵੱਲੋਂ ਖੂਨਦਾਨ ਕੈਂਪ ਅਤੇ ਮੁਫਤ ਮੈਡੀਕਲ ਕੈਂਪ ਲਗਾਇਆ ਜਾਵੇਗਾ।

ਨਿਸ਼ਾਨ ਸਾਹਿਬ ਦੀ ਸੇਵਾ 29 ਫਰਵਰੀ ਦਿਨ ਸ਼ਨਿਚਰਵਾਰ ਨੂੰ ਸ਼ਾਮੀ 5 ਵਜੇ ਹੋਵੇਗੀ।

ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਤਿੰਨੇ ਦਿਨ ਵੱਧ-ਚੜ੍ਹ ਕੇ ਆਪਣੀਆਂ ਹਾਜ਼ਰੀਆਂ ਭਰੋ ਅਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

**ਹੋਰ ਜਾਣਕਾਰੀ ਲਈ ਗੁਰੂ ਘਰ ਦੇ ਹੈੱਡ ਗ੍ਰੰਥੀ ਭਾਈ ਰਾਮ ਸਿੰਘ ਜੀ ਨਾਲ 559-486-3091 'ਤੇ ਸੰਪਰਕ ਕਰੋ ਜੀ**



## ਸ੍ਰੀ ਗੁਰੂ ਰਵਿਦਾਸ ਸਭਾ (ਸੈਂਟਰਲ ਵੈਲੀ) ਫਰਿਜ਼ਨੋ (ਕੈਲੇਫੋਰਨੀਆ)

**5025 S. CHERY AVE., FRESNO (CALIFORNIA) 93706**